# ਆਤਮ ਰੰਗ

ਜਿਲਦ ੨੫ | ਸਤੰਬਰ 2024 | ਭਾਦਰੋਂ-ਅੱਸੂ 556 ਨਾਨਕਸ਼ਾਹੀ | September 2024 | ਅੰਕ 9

## ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥



ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ 04 ਸਤੰਬਰ 2024 ਨੂੰ ਸਾਰਾ ਜਗਤ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾ ਰਿਹਾ ਹੈ।

# ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥



















ਅਖੰਡ ਕੀਰਤਨ ਸਮਾਗਮ ਮਿਤੀ 23.08.2024 ਨੂੰ ਸਤਿਕਾਰਯੋਗ ਬਾਬਾ ਅਜੀਤ ਸਿੰਘ ਜੀ ਨੱਥਮਲਪੁਰ ਵਾਲਿਆਂ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ ਰਾਤ 8.00 ਵਜੇ ਤੋਂ ਲੈ ਕੇ 12.00 ਵਜੇ ਤਕ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵੱਲੋਂ ਪਿੰਡ ਨੱਥਮਲਪੁਰ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮਹੁਮਾ ਕੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀਆਂ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਆਪਣਾ ਜੀਵਨ ਸਫਲਾ ਕੀਤਾ।

੧ੴ ਠਾਕੁਰ ਗਾਈਐ ਆਤਮ ਰੰਗਿ ੧ੴ

# ਆਤਮ ਰੰਗ

AKKHAND KIRTANI JATHA (REGD.) ·ਅਖੰਡ ਕੀਰਤਨੀ ਜਥਾ·

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੫ | ਸਤੰਬਰ 2024 | ਭਾਦਰੋਂ-ਅਸੂ 556 ਨਾਨਕਸ਼ਾਹੀ | September 2024 | ਅੰਕ 9


ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।


**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ


**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com
**Website :** www.akjatamrangmagazine.org



**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ
ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ



**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।



"This Gurmat Magazine contains Gurbani, please treat with respect."

**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.), ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


◆ ਸੰਪਾਦਕੀ 5

◆ ਬਾਰਹ ਮਾਹ ਕਥਾ 6

*– ਪ੍ਰਿੰਸੀਪਲ ਗੰਗਾ ਸਿੰਘ ਜੀ*

◆ ਅਣਡਿੱਠੀ ਦੁਨੀਆ 7

*– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

◆ ਚਰਨ ਕਮਲ ਕੀ ਮਉਜ 8

*– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

◆ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ 13

*– ਡਾ. ਤਾਰਨ ਸਿੰਘ ਜੀ*

◆ ਭਗਤਾਂ ਦੀ ਬਾਣੀ ਕਿਵੇਂ ਰਚੀ ਗਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ 14

◆ ਸਾਂਝੀਵਾਤਾ ਦਾ ਮਹਾਨ ਗ੍ਰੰਥ 19

*– ਡਾ. ਕੁਲਦੀਪ ਸਿੰਘ ਹਉਰਾ*

◆ ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 21

*– ਭਾਈ ਜਸਬੀਰ ਸਿੰਘ ਖਾਲਸਾ (ਵੇਰਕਾ)*

◆ ਬਾਣੀ ਗੁਰੂ, ਗੁਰੂ ਹੈ ਬਾਣੀ 25

*– ਭਾਈ ਹਰਦਿਆਲ ਸਿੰਘ ਜੀ*

◆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ 28

◆ ਗੁਰੂ ਮਾਨੀਓ ਗ੍ਰੰਥ 32

*– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

## *ਸੰਪਾਦਕੀ...*

ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਸਮੁੱਚਾ ਜੀਵਨ ਸੇਧ ਭਰਪੂਰ ਹੈ ਤੇ ਸਾਹਿਬ ਪਾਤਸ਼ਾਹ ਦੀ ਵਡਿਆਈ ਕਰਨੀ ਮਨੁੱਖੀ ਕਲਮ ਦੇ ਵੱਸ ਦੀ ਗੱਲ ਨਹੀਂ, ਉਹਨਾਂ ਦੇ ਜੀਵਨ ਕਾਲ 'ਚ ਕੀਤੇ ਬਹੁਤ ਸਾਰੇ ਕਾਰਜ, ਰਹਿੰਦੀ ਦੁਨੀਆਂ ਤੱਕ ਯਾਦ ਰੱਖੇ ਜਾਣਗੇ। ਪਰ ਉਹਨਾਂ ਵੱਲੋਂ ਸਭ ਤੋਂ ਸਦੀਵੀ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਨਾ ਹੀ ਸੀ।

ਇਤਿਹਾਸਕ ਪੱਖ ਤੋਂ ਇਹ ਗੱਲ ਪ੍ਰਚਲਿਤ ਹੈ ਕਿ ਪ੍ਰਚਾਰ ਮੁਹਿੰਮ ਦੇ ਆਖਰੀ ਦੌਰ ਵਿੱਚ ਗੁਰੂ ਅਰਜਨ ਦੇਵ ਸਾਹਿਬ ਨੇ ਤਕਰੀਬਨ ਇਕ ਸਾਲ ਗੁਰਦਾਸਪੁਰ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਫਿਰ ਪ੍ਰਚਾਰ ਦਾ ਕੰਮ ਮੁਕਾਅ ਕੇ 1601 ਈ. ਵਿਚ ਅੰਮ੍ਰਿਤਸਰ ਆ ਕੇ ਸਾਰਾ ਸਮਾਂ ਤੇ ਧਿਆਨ ਗੁਰਬਾਣੀ ਦੇ ਸੰਕਲਨ ਤੇ ਸੰਪਾਦਨ ਵਿੱਚ ਲਾ ਦਿੱਤਾ। ਤਕਰੀਬਨ ਤਿੰਨ ਸਾਲ ਵਿੱਚ ਗੁਰੂ ਸਾਹਿਬ ਨੇ ਪੂਰੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪਾਦਿਤ ਕਰ ਲਿਆ ਸੀ। ਇਤਿਹਾਸਕ ਤੱਥਾਂ ਦੇ ਮੁਤਾਬਿਕ ਵੀ ਇਹ ਗੱਲ ਦਰਜ ਹੈ ਕਿ ਗੁਰੂ ਸਾਹਿਬ ਨੇ ਸਾਰੇ ਗ੍ਰੰਥਾਂ ਦਾ ਸਵਾਮੀ, ਸਿੱਖ ਧਰਮ ਦਾ ਸਰਵੋਤਮ ਅਤੇ ਪਾਵਨ ਗ੍ਰੰਥ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਸਤਿਗੁਰਾਂ ਦੀ ਬਾਣੀ ਇਕੱਤਰ ਕਰਕੇ ਸੰਮਤ 1660 (ਸੰਨ 1603 ਈ.) ਵਿੱਚ ਇਹ ਰਾਮਸਰ ਦੇ ਕਿਨਾਰੇ (ਅੰਮ੍ਰਿਤਸਰ) ਭਾਈ ਗੁਰਦਾਸ ਜੀ ਤੋਂ ਲਿਖਵਾਉਣਾ ਆਰੰਭਿਆ। ਆਪਣੀ ਰਚਨਾ ਅਤੇ ਭਗਤਾਂ ਆਦਿਕਾਂ ਦੀ ਬਾਣੀ ਸ਼ਾਮਲ ਕਰਕੇ ਸੰਮਤ 1661 (ਸਨ 1604) ਈ.) ਵਿੱਚ ਸਮਾਪਤ ਕੀਤਾ। ਇਸੇ ਸਾਲ ਭਾਦੋਂ ਸੁਦੀ ਨੂੰ ਹਰਿਮੰਦਰ ਸਾਹਿਬ ਵਿਚ ਗੁਰਮਤਿ ਦੇ ਪ੍ਰਚਾਰ ਲਈ ਅਸਥਾਪਨ ਕਰਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ।

ਗੁਰੂ ਸਾਹਿਬ ਨੇ ਸਮੁੱਚੀ ਬਾਣੀ ਦੀ ਸੰਪਾਦਨਾ ਕਰਦਿਆਂ ਇਸਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੋ ਸਕਦਾ ਹੈ। ਜਿਵੇਂ ਅੰਗ 1 ਤੋਂ 13 ਤੱਕ ਨਿਤਨੇਮ ਦੀਆਂ ਬਾਣੀਆਂ ਜਪੁ, ਸੋਦਰੁ, ਸੋ ਪੁਰਖ, ਸੋਹਿਲਾ, ਅੰਕਿਤ ਹਨ, ਅੰਗ 14 ਤੋਂ 1352 ਤੱਕ 31 ਰਾਗਾਂ ਦੀ ਬੰਦਸ਼ ਵਿੱਚ ਰਚੀ ਗਈ ਬਾਣੀ ਅਤੇ ਨੌ ਵਾਰਾਂ ਅੰਕਿਤ ਹਨ। ਇਸੇ ਤਰਾਂ ਅੰਗ 1353 ਤੋਂ 1430 ਤੱਕ ਰਾਗ ਮੁਕਤ ਬਾਣੀ ਅੰਕਿਤ ਹੈ।

ਸਾਹਿਬ ਸ੍ਰੀ ਗਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਦੀ ਆਰੰਭਤਾ ਤੋਂ ਲੈ ਕੇ ਸੰਪਾਦਨਾ ਦੇ ਆਖਰੀ ਕਾਰਜ ਤੱਕ ਗੁਰੂ ਸਾਹਿਬ ਨੇ ਵਿਲੱਖਨ ਸੰਪਾਦਨ ਤਕਨੀਕਾਂ ਦਾ ਇਸਤੇਮਾਲ ਕੀਤਾ। ਇਸ ਵਿਧੀ ਨੂੰ ਵਰਤਦਿਆਂ ਗੁਰੂ ਸਾਹਿਬ ਨੇ ਖਾਸ ਰਾਗ ਪ੍ਰਬੰਧ ਦਾ ਇਸਤੇਮਾਲ ਕੀਤਾ। ਰਚਨਾਕਾਰ ਗੁਰੂ ਜੀ ਨੇ ਸੰਤ, ਭਗਤ ਦੀ ਪਛਾਣ ਦਾ ਸਾਰਥਕ ਤਰੀਕਾ ਅਪਣਾਇਆ। ਰਹਾਉ ਦੇ ਵਿਧਾਨ ਨੂੰ ਖਾਸ ਮਹੱਤਵ ਦਿੱਤਾ, ਅਤੇ ਰਚਨਾਕਾਰ ਦੀ ਪਛਾਣ ਲਈ ਗੁਰੂ ਸਾਹਿਬਾਨਾਂ ਲਈ ਮਹਲਾ ਅਤੇ ਸ਼ਬਦ ਦੇ ਆਖੀਰ ਵਿੱਚ ਰਚਨਾਕਾਰ ਦੇ ਨਾਂ ਦਾ ਆਉਣਾ ਵਰਗੇ ਖਾਸ ਵਿਸ਼ਿਆਂ ਦਾ ਧਿਆਨ ਖਾਸ ਤੌਰ ਤੇ ਰੱਖਿਆ ਗਿਆ।

ਇਸ ਤਰਾਂ ਸਾਹਿਬ ਸ੍ਰੀ ਗੁਰੂ ਅਰਜਨ ਪਾਤਸ਼ਾਹ ਨੇ ਸਰਵੋਤਮ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ਤੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਉਸਨੂੰ ਪ੍ਰਕਾਸ਼ਮਾਨ ਕਰਕੇ ਗੁਰੂ ਘਰ ਦੇ ਅੰਨਿਨ ਸੇਵਕ ਪੂਰਨ ਬ੍ਰਹਮਗਿਆਨੀ ਧੰਨ ਬਾਬਾ ਬੁੱਢਾ ਸਾਹਿਬ ਨੂੰ ਪਹਿਲਾ ਹੈਡ ਗ੍ਰੰਥੀ ਨਿਯੁੱਕਤ ਕੀਤਾ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਪਹਿਲੇ ਪ੍ਰਕਾਸ਼ ਦਿਵਸ ਤੋਂ ਬਾਅਦ ਇਕ ਹੋਰ ਅਤਭੁੱਤ ਸਮਾਂ ਉਦੋਂ ਆਇਆ ਜਦੋਂ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜ ਪੈਸੇ ਅਤੇ ਨਾਰੀਅਲ ਹੱਥ ਉੱਤੇ ਧਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਿਰਮਾ ਕੀਤੀ, ਮੱਥਾ ਟੇਕਿਆ ਅਤੇ ਐਲਾਨ ਕੀਤਾ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸਦੀਵੀ ਗੁਰੂ ਹਨ ਤੇ ਇਹਨਾਂ ਨੂੰ ਹਾਜਰਾ ਹਜ਼ੂਰ, ਜਾਹਿਰਾ ਜ਼ਹੂਰ ਗੁਰੂ ਮੰਨਣਾ ਤੇ 'ਪ੍ਰਗਟ ਗੁਰਾਂ ਦੀ ਦੇਹ' ਕਰਕੇ ਜਾਨਣਾਂ।

ਭਾਈ ਨੰਦ ਲਾ ਜੀ ਰਚਿਤ ਕਥਨ ਅਨੁਸਾਰ –

***ਜੋ ਸਿੱਖ ਗੁਰ ਦਰਸ਼ਨ ਕੀ ਚਾਹਿ***
***ਦਰਸ਼ਨ ਕਰੇ ਗ੍ਰੰਥ ਜੀ ਆਹਿ॥***
***ਜੋ ਮਮ ਸਾਥ ਚਾਹੇ ਕਰ ਬਾਤਿ***

***(ਬਾਕੀ ਪੰਨਾ 27 'ਤੇ)***

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥*
*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*
*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*
*ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥*
*ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥*
*ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥* *(ਬਾਰਹ ਮਾਹਾ ਮਾਂਝ ਮ: 5, ਅੰਗ - 134)*

***ਅਰਥ:***

ਅੱਸੂ ਦੇ ਮਹੀਨੇ ਪ੍ਰੇਮ ਨੇ ਉਛਾਲਾ ਮਾਰਿਆ, ਹਰੀ ਨੂੰ ਕਿਸ ਤਰ੍ਹਾਂ ਜਾ ਮਿਲੀਏ! ਮਨ ਤੇ ਤਨ ਵਿਚ ਦਰਸ਼ਨਾਂ ਦੀ ਤੀਬਰ ਚਾਹ ਉਪਜੀ ਹੈ, ਹੇ ਮਾਏ! ਕੋਈ (ਪ੍ਰੀਤਮ ਨੂੰ) ਲਿਆ ਕੇ ਮਿਲਾ ਦੇਵੇ। ਇਸ ਪ੍ਰੇਮ ਦੀ ਅਵਸਥਾ ਦੇ ਸਹਾਇਕ ਸੰਤ ਹੀ ਹੁੰਦੇ ਹਨ, ਉਨ੍ਹਾਂ ਦੇ ਪੈਰੀਂ ਪੈਂਦੀ ਹਾਂ (ਜੁ ਤਰਸ ਕਰਕੇ ਮਿਲਾ ਦੇਣ)। ਪ੍ਰਭੂ ਦੇ ਮਿਲਾਪ ਬਿਨਾਂ ਸੁਖ ਕਿਸ ਤਰ੍ਹਾਂ ਮਿਲੇ? ਹੋਰ ਦੂਜੀ ਥਾਂ ਜੁ ਸੁਖ ਦੀ ਨਾ ਹੋਈ। ਪ੍ਰਭੂ-ਪ੍ਰੇਮ ਦਾ ਰਸ ਜਿਨ੍ਹਾਂ ਨੇ ਚੱਖਿਆ ਉਹ ਰੱਜ ਗਈਆਂ, ਉਨ੍ਹਾਂ ਦੀਆਂ ਲੋੜਾਂ ਮੁੱਕ ਗਈਆਂ। ਉਹ ਆਪਾ ਤਿਆਗ ਕੇ ਇਹੀ ਬੇਨਤੀ ਕਰਦੀਆਂ ਹਨ, ਜੁ ਹੇ ਪ੍ਰਭੂ! ਸਾਨੂੰ ਆਪਣੇ ਲੜ ਲਾ ਲਓ। ਜਿਨ੍ਹਾਂ ਨੂੰ ਹਰੀ ਕੰਤ ਨੇ ਮਿਲਾ ਲਿਆ ਹੈ, ਉਹ ਵਿਛੁੜ ਕੇ ਕਿਤੇ ਹੋਰ ਨਹੀਂ ਜਾਂਦੀਆਂ। (ਜਾਣ ਵੀ ਕਿਥੇ?) ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਹਰੀ ਦੀ ਸ਼ਰਨ ਹੀ ਇਕ ਆਸਰਾ ਹੈ, ਪ੍ਰਭੂ ਬਿਨਾਂ ਹੋਰ ਦੂਜਾ ਟਿਕਾਣਾ ਹੈ ਹੀ ਨਹੀਂ। ਜਿਨ੍ਹਾਂ 'ਤੇ ਹਰੀ ਸਹੁ ਦੀ ਕ੍ਰਿਪਾ ਹੋਈ ਹੈ, ਉਹ ਅੱਸੂ ਦੇ ਮਹੀਨੇ ਸੁਖੀ ਵਸਦੀਆਂ ਹਨ।

---

# ਕੇਸਾਂ ਦਾ ਸਤਿਕਾਰ

*[ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ]*

ਕੇਸ ਗੁਰੂ ਜੀ ਦੀ ਮੋਹਰ ਹਨ। ਕੇਸ ਮਹਾਨ ਗੁਰੂ ਜੀ ਦੀ ਮਹਾਨ ਬਖ਼ਸ਼ਿਸ਼ ਹਨ। ਅਸੀਂ ਕੇਸਾਂ ਸਦਕਾ ਹੀ ਸਿੱਖ ਪਹਿਚਾਣੇ ਜਾਂਦੇ ਹਾਂ। ਕੇਸਾਂ ਦੀ ਖ਼ਾਤਰ ਸਾਡੇ ਮਹਾਨ ਸ਼ਹੀਦਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ। ਇਸ ਲਈ ਕੇਸਾਂ ਦਾ ਸਤਿਕਾਰ ਕਰਨਾ ਸਾਡਾ ਮੁੱਖ ਫ਼ਰਜ਼ ਹੈ। ਜੋ ਕੇਸਾਂ ਦਾ ਸਤਿਕਾਰ ਨਹੀਂ ਕਰਦਾ, ਕੇਸ ਕਟਾਉਂਦਾ, ਪੁੱਟਦਾ ਜਾਂ ਤੋੜਦਾ ਹੈ, ਉਸ ਨੂੰ ਸਿੱਖ ਨਹੀਂ ਕਿਹਾ ਜਾ ਸਕਦਾ।

ਸਿਖ ਬੱਚੇ-ਬੱਚੀਆਂ ਹਮੇਸ਼ਾ ਸਿਰ 'ਤੇ ਦਸਤਾਰ ਸਜਾਉਂਦੇ ਹਨ। ਕਦੀ ਵੀ ਨੰਗੇ ਸਿਰ ਬਾਹਰ ਨਹੀਂ ਜਾਂਦੇ, ਨੰਗੇ ਸਿਰ ਭੋਜਨ ਨਹੀਂ ਛਕਦੇ। ਨੰਗੇ ਸਿਰ ਰਹਿਣ ਨਾਲ ਮਿੱਟੀ ਘੱਟਾ ਕੇਸਾਂ ਵਿਚ ਪੈਂਦਾ ਹੈ। ਜੇ ਕੇਸਾਂ ਨੂੰ ਕੰਘਾ ਨਾ ਕਰੀਏ ਤਾਂ ਖਿਲਰੇ ਕੇਸ ਸ਼ੋਭਾ ਨਹੀਂ ਦਿੰਦੇ। ਸਾਨੂੰ ਹਮੇਸ਼ਾ ਕੇਸਾਂ ਨੂੰ ਦਸਤਾਰ ਨਾਲ ਪੂਰੀ ਤਰ੍ਹਾਂ ਢੱਕ ਕੇ ਬਾਹਰ ਜਾਣਾ ਚਾਹੀਦਾ ਹੈ।

ਨੰਗੇ ਸਿਰ ਰਹਿਣ ਵਾਲੇ ਬੱਚੇ-ਬੱਚੀਆਂ 'ਤੇ ਗੁਰੂ ਜੀ ਪ੍ਰਸੰਨ ਨਹੀਂ ਹੁੰਦੇ। ਇਸ ਲਈ ਸਾਨੂੰ ਸਦਾ ਕੇਸਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕਿਉਂਕਿ ਕੇਸ ਗੁਰੂ ਜੀ ਦੀ ਸਾਡੇ 'ਤੇ ਮਹਾਨ ਬਖ਼ਸ਼ਿਸ਼ ਹਨ।



# ਅਣਡਿੱਠੀ ਦੁਨੀਆ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*



ਇਹ ਸਰੀਰ ਛੱਡ ਕੇ ਹਰੀ ਜਨ ਹਰਿ ਦਰਗਹਿ ਜਾਂਦੇ ਹਨ ਅਤੇ ਸਾਕਤ ਨਰ ਮਰ ਕੇ ਜਮਪੁਰੀ ਸਿਧਾਉਂਦੇ ਹਨ। ਗੁਰਪੁਰੀ ਤੇ ਜਮਪੁਰੀ ਵਿਚ ਬੜਾ ਵਿਤਕਰਾ, ਅਰਥਾਤ ਫ਼ਾਸਲਾ ਹੈ। ਜਮਪੁਰੀ ਉਰੇਡੇ ਹੀ ਹੇਠਲੇ ਮੰਡਲਾਂ ਵਿਚ ਰਹਿ ਜਾਂਦੀ ਹੈ ਅਤੇ ਗੁਰਪੁਰੀ ਵਾਹਿਗੁਰੂ ਦਰਬਾਰ ਉੱਚੇ ਮੰਡਲਾਂ ਦੇ ਸਿਖਰ ਹੈ, ਜਿਥੇ ਕੇਵਲ ਪੁੱਗੇ ਹੋਏ, ਕਮਾਈ ਵਾਲੇ ਗੁਰਮੁਖ ਜਨਾਂ ਦੀ ਹੀ ਪਹੁੰਚ ਤੇ ਸਮਾਈ ਹੈ। ਇਹ ਗਗਨ-ਮੰਡਲੀ ਤਬਕੇ ਵੱਖੋ-ਵੱਖ ਹਨ। ਏਸ ਅਥਾਹ ਅਗੰਮ ਪੁਲਾੜ (ਅਕਾਸ਼) ਵਿਚ ਅਣਗਿਣਤ ਹੀ ਅਣਦਿਸਦੇ ਮੰਡਲ ਹਨ, ਜੋ ਘੁੱਗ ਵਸਦੇ ਹਨ।

ਆਹ! ਅੱਗਾ ਸਵਾਰਨ ਲਈ ਕੈਸਾ ਪਿਆਰ ਉਪਕਾਰ ਭਰਿਆ ਗੁਰਵਾਕ ਉਚਾਰਨ ਹੋਇਆ ਹੈ। ਗੁਰੂ ਪੰਚਮ ਪਾਤਸ਼ਾਹ ਕੈਸੀ ਤਾਕੀਦੀ ਪਿਆਰ-ਲੋਰੀ ਦਿੰਦੇ ਹਨ। ਯਥਾ ਗੁਰਵਾਕ -

*ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ ਪੰਥੁ ਭੈਆਨ॥੧॥ਰਹਾਉ॥*
*ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ॥*
*ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ॥੧॥*
*ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥*
*ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ॥੨॥*
*ਸਿਵਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥*
*ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ॥੩॥*
*ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥*
*ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥੪॥* *ਅੰਗ - ੨੧੪*

ਅਸਾਡੇ ਤੇ ਤਰਸ ਖਾ ਕੇ ਪਰਮਾਰਥ ਦੇ ਜਗਿਆਸੂਆਂ, ਅਲਪੱਗ ਜੀਵਾਂ ਨੂੰ 'ਮੀਤਾ' ਪਦ ਨਾਲ ਸੰਬੋਧਨ ਕਰ ਕੇ ਗੁਰੂ ਸਾਹਿਬ ਫ਼ੁਰਮਾਉਂਦੇ ਹਨ…ਐ ਮੇਰੇ ਮਿੱਤ੍ਰ! ਖਿਨ ਖਿਨ ਨਾਮ ਲੇਹੁ, ਨਾਮ ਹੀ ਨਾਮ ਸੰਗ੍ਰਹਿ ਕਰਹੁ, ਮਤ ਬਿਲਮ ਕਰਹੁ, ਕਿਉਂਕਿ ਅੱਗੇ ਬੜਾ ਹੀ ਭਿਆਨਕ ਬਿਖੜਾ ਪੈਂਡਾ ਹੈ, ਜੋ ਕੇਵਲ ਨਾਮ ਦੇ ਜਪਿਆਂ ਹੀ ਕੱਟਿਆ ਜਾਣਾ ਹੈ। ਮਤ ਖ਼ਿਆਲ ਕਰ ਕਿ ਮਰਨਾ ਨਹੀਂ। ਕਾਲ ਤਾਂ ਤੇਰੇ ਸਿਰ ਤੇ ਖੜਾ ਹੈ। ਤਾਂ ਤੇ ਸਿਮਰਨ ਕਰਨ ਵਿਚ ਦੇਰ ਨਾ ਕਰ। ਸਦਾ ਸਿਮਰਨ ਮਈ ਸੇਵਾ ਭਗਤਿ ਕਰੀ ਜਾਹ। ਨਾਮ ਰੰਗ-ਰਤੜੇ ਸਾਧ ਜਨਾਂ ਦੀ ਸੇਵਾ ਕਰ। ਇਹੋ ਸਾਧ-ਗੁਰੂ ਦੀ ਸੇਵਾ ਹੈ। ਇਸ ਬਿਧ ਸੇਵਾ ਸਿਮਰਨ ਕੀਤਿਆਂ ਹੀ ਜਮ ਰੂਪੀ ਕਾਲ ਦੇ ਜਾਲ ਕੱਟੇ ਜਾਣੇ ਹਨ, ਇਹ ਗੁਰ ਸੇਵਾ-ਸਿਮਰਨ ਕੇਵਲ ਗੁਰੂ ਨਾਨਕ ਸਾਹਿਬ ਦੇ ਘਰੋਂ ਹੀ ਪ੍ਰਾਪਤ ਹੈ। ਅਨਮਤ ਦ੍ਰਿੜਾਏ ਹੋਮ-ਜਗ, ਤੀਰਥ ਆਦਿਕ ਕਰਮ ਕੀਤੇ ਕਿਸੇ ਭੀ ਕੰਮ ਨਹੀਂ, ਨ ਕਿਸੇ ਲੇਖੇ ਪੈਣੇ ਹਨ। ਇਹ ਕਰਮ ਸਭ ਹਉਮੈ ਅੰਦਰ ਹੀ ਕੀਤੇ ਜਾਂਦੇ ਹਨ। ਹਉਮੈ ਦੇ ਬੰਧਨ ਹੀ ਪੈਂਦੇ ਹਨ, ਕਿਉਂਕਿ ਹਉਮੈ ਵਿਚ ਕੀਤੇ ਕਰਮਾਂ ਕਰ ਕੇ ਹੰਕਾਰ ਹੀ ਵਧਦਾ ਹੈ। ਨਰਕ ਸੁਰਗ ਵਾਰੋ ਵਾਰ ਭੁਗਤਣੇ ਪੈਂਦੇ ਹਨ। ਦੋਹਾਂ ਨੂੰ ਭੋਗ ਕੇ ਮੁੜ ਮੁੜ ਜੂਨਾਂ ਵਿਚ ਪੈਣਾ ਪੈਂਦਾ ਹੈ। ਸ਼ਿਵਪੁਰੀ, ਬ੍ਰਹਮਪੁਰੀ, ਇੰਦਰਪੁਰੀਆਂ ਵਿਚ ਭਉਣਾ ਪੈਂਦਾ ਹੈ। ਨਾ ਹੀ ਪੁਰੀਆਂ ਵਾਲੇ ਇਹ ਥਾਉਂ ਨਿਹਚਲ ਹਨ, ਨਾ ਇਹਨਾਂ ਦਾ ਵਾਸਾ ਨਿਹਚਲ ਹੈ। ਬਿਨਾਂ ਸਚੇ ਨਾਮ ਰੂਪੀ ਹਰਿ ਸੇਵਾ ਦੇ ਸੁੱਚੇ ਸੁਖ ਦੀ ਪ੍ਰਾਪਤੀ ਕਿਤੇ ਭੀ ਨਹੀਂ। ਨਾਮ ਬਿਨਾਂ ਸਭ ਸਾਕਤ ਦੁਹੇਲੇ ਹਨ। ਉਪਰਲੇ ਕਰਮ ਕਰਨਹਾਰੇ ਸਭ ਸਾਕਤ ਹਨ, ਸਭਨਾਂ ਨੂੰ ਆਵਾ-ਗਉਣ ਦੇ ਗੇੜ ਵਿਚ ਪੈਣਾ ਪਊ। ਜੈਸਾ ਧੁਰੋਂ ਗੁਰ ਉਪਦੇਸ਼ ਉਤਰਿਆ ਹੈ, ਉਸੇ ਅਨੁਸਾਰ ਗੁਰੂ ਦੇ ਮੁਖਾਰਬਿੰਦ ਤੋਂ ਇਹ ਪੁਕਾਰ ਪੁਕਾਰੀ ਗਈ ਹੈ।

*'ਚਲਦਾ'*

# ਚਰਨ ਕਮਲ ਕੀ ਮਉਜ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

**ਚਰਨ ਕੰਵਲਾਂ ਦਾ ਪਰਤਾਪ** - ਜਿਨ੍ਹਾਂ ਨੇ ਚਰਨ ਕੰਵਲਾਂ ਦੀ ਮਉਜ਼ ਵਿਚ ਲਿਵ-ਧਿਆਨੀ ਹੋ ਕੇ ਦਸਮ ਦੁਆਰਾ ਸਿੰਘਾਸਨ ਉਤੇ ਆਪਣਾ ਆਸਨ ਜਾ ਜਮਾਇਆ ਹੈ, ਓਹ ਤ੍ਰੈ ਭਵਨਾਂ ਦੀ ਸੋਝੀ (ਤਤ ਲਖਤਾ) ਅਤੇ ਕਾਲ-ਦਰਸਤਾਂ ਦੀ ਗੁੰਮਤਾ ਵਿਚ ਪਰਬੀਨ ਹੋ ਗਏ ਹਨ। ਓਹ ਲੋਕੀ ਅੰਦਰਲੇ ਅਤੇ ਭੂਤ, ਭਵਿਖ, ਭਵਾਨ ਤਿਹਾਂ ਹੀ ਕਾਲਾਂ ਵਿਖੇ ਵਰਤ ਰਹੇ ਵਰਤਾਰੇ ਦੇ ਸਾਂਗੋ ਪਾਂਗ ਪੇਖਨਹਾਰੇ, ਸਰਬ ਕਲਾ ਪ੍ਰਬੀਨ ਮਹਾਂ ਪੁਰਖ ਹੋ ਗਏ ਹਨ ਅਤੇ ਚਰਨ ਕੰਵਲਾਂ ਦੀ ਮਕਰੰਦ-ਰਸ-ਮਗਨਤਾ ਅਤੇ ਨੂਰ-ਜ਼ਰੂਰੀ-ਸੀਤਲਤਾ ਹੀ ਚਰਨ ਕੰਵਲ ਦੇ ਮਉਜੀ ਭਉਰਿਆਂ ਨੂੰ ਦੁਤੀਆ ਭਾਵ ਤੋਂ ਉਪਰਾਮ ਕਰ ਕੇ ਕੇਵਲ ਏਕੋ ਅਕਾਲ ਪੁਰਖ ਦੀ ਟੇਕ ਵਿਚ ਬਿਸਰਾਮ ਦੇਣ ਨੂੰ ਸਮਰਥ ਹੈ। ਚਰਨ ਕੰਵਲ ਦੀ ਰੌਣਕਾਂ ਵਿਚ ਲਿਪਟ ਲਿਪਟਾਇ ਕੋ ਮੱਜਨ ਕਰਨ ਦਾ ਪ੍ਰਤਾਪ ਅਤੀ ਅਸਚਰਜ ਹੈ, ਕੋਟ ਤੀਰਥਾਂ ਦੀ ਪੂਰਬੀ ਵਾਲੇ ਇਸ਼ਨਾਨ ਦਾ ਮਹਾਤਮ, ਚਰਨ ਕੰਵਲਾਂ ਦੀ ਧੂੜੀ ਦੇ ਮੱਜਨ ਵਿਚ ਹੈ, ਕਿਉਂਕਿ ਕੋਟ ਤੀਰਥ ਸਤਿਗੁਰੂ ਦੇ ਚਰਨਾਂ ਵਿਚ ਵਸਦੇ ਹਨ। ਚਰਨ ਕੰਵਲਾਂ ਦੀ ਧੂੜੀ ਦੇ ਮੱਜਨ ਦਾ ਪ੍ਰਤਾਪ ਅਤੀਅੰਤ ਬਿਸਮਾਦ ਜਨਕ ਹੈ, ਕਿਉਂਕਿ ਚਰਨ ਕੰਵਲ ਦੇ ਪੁਜਾਰੀਆਂ ਨੂੰ ਕਾਰਨ ਕਰਨ ਚਰਨ ਕੰਵਲਾਂ ਨੇ ਕਾਰਨ ਅਧੀਨ, ਅਰਥਾਤ ਗੁਰੂ ਦੀ ਰਜਾਇ ਤੇ ਗੁਰੂ ਪ੍ਰਾਇਣ ਕਰ ਦਿਤਾ ਹੈ। ਚਰਨ ਕੰਵਲਾਂ ਦੀ ਧੂੜੀ ਵਿਚ ਮੱਜਨ ਕਰਨ ਦਾ ਪਾਰਸ - ਪੁਨੀਤਾਇਣੀ ਪਰਤਾਪ ਇਹ ਵਰਤਦਾ ਹੈ ਕਿ ਚਰਨ-ਰੱਜ-ਮੱਜਨੀ ਬੰਦੇ ਪਤਿਤੱ ਮਹਾਂ ਪੁਨੀਤ ਹੋ ਜਾਂਦੇ ਹਨ, ਕਿਉਂਕਿ ਚਰਨ ਕੰਵਲ ਤਰਨ ਤਾਰਨ ਹਨ। ਚਰਨ ਕੰਵਲ-ਆਰਾਧਨੀ ਅਨਿੰਨ ਆਸ਼ਕ ਜਨ ਹੀ ਸਚੇ ਪ੍ਰੇਮ-ਭਗਤਿ-ਅਸਨੇਹੀ ਅਭਿਆਸੀ ਜਨ ਬਣ ਸਕਦੇ ਹਨ। ਯਥਾ ਗੁਰਵਾਕ -

*ਚਾਤ੍ਰਿਕ ਚਿਤਵਤ ਬਰਸਤ ਮੇਂਹ॥*
*ਕ੍ਰਿਪਾ ਸਿੰਧੁ ਕਰਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ॥੧॥ਰਹਾਉ॥*
*ਅਨਿਕ ਸੁਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ॥*
*ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ॥੧॥*
*ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਂਹ॥*
*ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨੁ ਆਨ ਨ ਕੇਂਹਿ॥੨॥੬॥੧੦॥ ਅੰਗ - ੭੦੨*

ਜਿਸ ਪ੍ਰਕਾਰ ਚਾਤ੍ਰਿਕ (ਬਬੀਹਾ-ਪਪੀਹਾ) ਸ੍ਵਾਂਤੀ ਬੂੰਦ ਹੇਤ ਚਿਤਵਦਾ ਹੈ ਅਤੇ ਪ੍ਰਿਉ ਪ੍ਰਿਉ ਟੇਰਦਾ ਹੈ ਤਿਸ ਪ੍ਰਕਾਰ ਚਰਨ ਕੰਵਲਾਂ ਦਾ ਪਿਆਸਾ ਸੱਚਾ ਆਸ਼ਕ ਜਨ ਚਰਨ ਕੰਵਲਾਂ ਨੂੰ ਹੀ ਆਰਾਧਦਾ ਹੈ। ਵਾਹਿਗੁਰੂ ਨਾਮ ਦਾ ਆਰਾਧਨ ਚਰਨ ਕੰਵਲਾਂ ਦੀ ਆਰਾਧਨਾ ਹੈ, ਅਤੇ ਜਿਸ ਪ੍ਰਕਾਰ ਚਾਤ੍ਰਿਕ ਦੇ ਚਿਤਵੇ ਤੋਂ ਸੁਖਾਂਤ ਬੂੰਦ-ਬਰਸਾਵਨੀ-ਬਰਖਾ ਹੋਣ ਲਗ ਪੈਂਦੀ ਹੈ, ਤਿਸ ਪ੍ਰਕਾਰ ਵਾਹਿਗੁਰੂ ਨਾਮ ਦੇ ਆਰਾਧਨ ਕੀਤਿਆਂ ਚਰਨ ਕੰਵਲਾਂ ਦੀ ਰਸ-ਜੋਤਿ-ਵਿਗਾਸੀ ਕਿਰਣ ਅੰਤਰ-ਆਤਮੇ ਭੋਅਣ ਲਗ ਪੈਂਦੀ ਹੈ। ਤਾਂ ਤੇ ਚਰਨ-ਕੰਵਲਾਰੀ-ਚਾਤ੍ਰਿਕ-ਪਪੀਹੇ ਹਰ ਦੰਮ ਇਹ ਪ੍ਰਾਰਥਨਾ ਕਰਦੇ ਰਹਿੰਦੇ ਹਨ ਕਿ ਹੇ ਕਿਰਪਾ ਦੇ ਸਾਗਰ, ਪ੍ਰਭੂ ਪਰਮਾਤਮਾ! ਦਇਆ, ਤਰਸ, ਮੇਹਰ ਕਰਹੁ, ਤਾਂ ਤੇ ਵਾਹਿਗੁਰੂ, ਤੇਰੀ ਪ੍ਰੇਮਾ ਭਗਤੀ ਨਾਲ ਹੀ ਸਾਡਾ ਸੱਚੜਾ ਨੇਹੁ ਲੱਗਾ ਰਹੇ। ਜਿਸ ਪ੍ਰਕਾਰ ਚਕਵੀ ਨੂੰ ਹੋਰ ਨਾਨਾ ਪ੍ਰਕਾਰ ਸੁਖਾਂ ਨਾਲ ਕੋਈ ਸਰੋਕਾਰ ਨਹੀਂ, ਹੋਰ ਕਿਸੇ ਸੁਖ ਦੀ ਚਾਹਨਾ ਨਹੀਂ। ਓਸ ਨੂੰ ਤਾਂ ਪੂਰਨ ਆਨੰਦ, ਦਿਨ ਚੜ੍ਹਿਆ ਦੇਖ ਕੇ ਹੀ ਆਉਂਦਾ ਹੈ, ਕਿਉਂਕਿ ਦਿਨ ਚੜ੍ਹਨ ਸਾਰ ਹੀ, ਸੂਰਜ ਉਦੇ ਹੁੰਦੇ ਹੀ। ਉਸ ਦਾ ਪਿਆਰਾ ਉਸ ਨੂੰ ਆਣ ਮਿਲਦਾ ਹੈ। ਇਸ ਪ੍ਰਕਾਰ ਚਰਨ ਕੰਵਲਾਂ ਦੇ ਰਸੀਏ ਭੌਰਿਆਂ ਨੂੰ ਚਰਨ ਕੰਵਲਾਂ ਦਾ ਪ੍ਰਤੱਖ ਦੀਦਾਰ ਕਰ ਕੇ ਹੀ ਪੂਰਨ ਆਨੰਦ ਪ੍ਰਾਪਤ ਹੁੰਦਾ ਹੈ। ਜਿਸ ਪ੍ਰਕਾਰ ਮੱਛੀ ਜਲ ਬਿਨਾ ਹੋਰ ਕਿਸੇ ਉਪਾਵ-

ਜਤਨ ਨਾਲ ਭੀ ਨਹੀਂ ਜੀਉ ਸਕਦੀ ਅਤੇ ਜਲ ਦੇ ਵਿਛੋੜੇ ਨਾਲ ਉਸ ਦਾ ਮਰਨ ਹੋ ਜਾਂਦਾ ਹੈ, ਤਿਸ ਪ੍ਰਕਾਰ ਚਰਨ ਕੰਵਲ ਆਧਾਰੀ ਆਸ਼ਕ ਜਨ, ਚਰਨ ਕੰਵਲਾਂ ਦੇ ਦਰਸ ਦੀਦਾਰ ਬਾਝੋਂ ਜੀਉ ਨਹੀਂ ਸਕਦੇ, ਅਤੇ ਚਰਨ ਕੰਵਲਾਂ ਦੇ ਓਹਲੇ ਹੋਇਆਂ ਓਹਨਾਂ ਦਾ ਮਰਨ ਹੋ ਜਾਂਦਾ ਹੈ। ਬਸ, ਉਹਨਾਂ ਦੀ ਜੀਵਨ-ਬੂਟੀ ਚਰਨ ਕੰਵਲਾਂ ਦਾ ਦਰਸ਼ਨ ਹੀ ਹੈ। ਏਸ ਕਰਕੇ ਚਰਨ ਕੰਵਲਾਂ ਦੇ ਮੁਸ਼ਤਾਕ ਭਉਰੇ ਅੱਤ ਅਧੀਨ ਹੋ ਕੇ ਚਰਨ ਕੰਵਲ ਪਟੋਲੜੇ ਪ੍ਰੀਤਮ ਅੱਗੇ ਇਸ ਪ੍ਰਕਾਰ ਜੋਦੜੀਆਂ ਕਰਦੇ ਹਨ : ਹੇ ਪ੍ਰਾਨ ਨਾਥ ਸੁਆਮੀ ਪ੍ਰੀਤਮ ਜੀ, ਅਸੀਂ ਅਨਾਥ, ਤੇਰੀ ਸਰਨੀ ਹਾਂ, ਆਪਣੀ ਐਸੀ ਕਿਰਪਾ ਕਰ, ਤਾਂ ਕਿ ਅਸੀਂ ਨਿਸ ਬਾਸਰ : ਕੇਵਲ ਤੇਰੇ ਚਰਨ ਕੰਵਲਾਂ ਦਾ ਹੀ ਆਰਾਧਨ ਕਰਦੇ ਰਹੀਏ, ਕਿਉਂਕਿ ਅਸਾਨੂੰ ਬਿਨਾਂ ਚਰਨ ਕੰਵਲਾਂ ਦੇ ਹੋਰ ਕੁਛ ਭਾਉਂਦਾ ਨਹੀਂ ਅਤੇ ਬਿਨਾਂ ਚਰਨ ਕੰਵਲਾਂ ਦੇ ਇਸ਼ਕ ਦੇ ਹੋਰ ਕੁਛ ਭੀ ਅਸਾਡੇ ਹਿਰਦੇ ਵਿਚ ਸਮਾਉਂਦਾ ਨਹੀਂ, ਤਾਂਹੀਂ ਤਾਂ ਗੁਰਬਾਣੀ ਅੰਦਰ ਚਰਨ ਕੰਵਲਾਂ ਦੀ ਹਿਰਦੇ ਵਸਕ ਦਰਸ ਰਸਕ ਯਾਚਨਾ ਪ੍ਰਥਾਇ ਇਸ ਪ੍ਰਕਾਰ ਦੇ ਗੁਰਵਾਕ ਅਨੇਕ ਥਾਈਂ ਆਉਂਦੇ ਹਨ –

*ਸੁਨਹੁ ਬਿਨਉ ਪ੍ਰਭ ਮੇਰੇ ਮੀਤਾ॥*
*ਚਰਣ ਕਮਲ ਵਸਹਿ ਮੇਰੈ ਚੀਤਾ॥੩॥ ਅੰਗ – ੭੪੨*

ਜਿਨ੍ਹਾਂ ਨੂੰ ਚਰਨ ਕੰਵਲਾਂ ਦੀ ਪ੍ਰੀਤਿ ਮਨ ਬਚ ਕਰਮ ਕਰਕੇ ਰਿਦੰਤਰ ਲਗੀ ਹੈ, ਤਿਨ੍ਹਾਂ ਨੂੰ ਪ੍ਰਿਆ ਪ੍ਰੀਤਮ ਚਰਨ ਕੰਵਲਾਂ ਵਾਲੇ ਸੁਰਜਨ ਦਾ ਮਿਲਾਪ ਭੀ ਹੋ ਕੇ ਹੀ ਰਹਿੰਦਾ ਹੈ। ਚਰਨ ਕੰਵਲਾਂ ਦੀ ਡਾਢੀ ਪ੍ਰੀਤਿ ਸੁਰਜਨ ਪ੍ਰੀਤਮ ਦੇ ਮਿਲਣ ਦੀ ਅਤੇ ਮਿਲ ਕੇ ਮਿਲੇ ਰਹਿਣ ਦੀ ਨਿਸ਼ਾਨੀ ਹੈ:

*ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ*
*ਸੁਰਿ ਜਨ ਮਿਲੇ ਪਿਆਰੇ।*
*ਨਾਨਕ ਅਨਦ ਕਰੇ ਹਰਿ ਜਪਿ ਜਪਿ*
*ਸਗਲੇ ਰੋਗ ਨਿਵਾਰੇ॥੨॥੧੦॥੧੫॥ ਅੰਗ – ੭੧੫*

ਪ੍ਰੀਤਮ ਦੇ ਚਰਨ ਕੰਵਲਾਂ ਦਾ ਦਰਸ਼ਨ ਆਨੰਦ ਨਾਮ ਅਭਿਆਸ ਮਈ ਸਿਮਰਨ ਜਾਪ ਦੁਆਰਾ ਹੋਰ ਵਧੇਰੇ ਖਿੜਦਾ ਹੈ। ਏਸ ਜਾਪ ਸਿਮਰਨ-ਆਨੰਦੀ, ਚਰਨ ਕੰਵਲ ਦਰਸ਼ਨ-ਆਨੰਦ ਦੀ ਦਸ਼ਾ ਵਿਚ, ਆਨੰਦੀ ਜਨ ਦੀ ਸਰਬ ਸਰੀਰਕ, ਮਾਨਸਿਕ ਅਤੇ ਆਤਮ ਰੋਗ ਨਿਵਿਰਤ ਹੋ ਜਾਂਦੇ ਹਨ। ਇਸੇ ਪ੍ਰਥਾਇ ਐਨ ਢੁਕਵਾਂ ਇਹ ਅਗਲੇਰਾ ਗੁਰਵਾਕ ਖੂਬ ਫਬਦਾ ਹੈ –

*ਹਰਿ ਜਨ ਸਿਮਰਹੁ ਹਿਰਦੈ ਰਾਮ॥*
*ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ॥੧॥ਰਹਾਉ॥*
*ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ॥*
*ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ॥੧॥*
*ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ॥*
*ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ॥੨॥੯॥੧੩॥ ਅੰਗ – ੭੦੨*

ਹੇ ਪਿਆਰੇ ਹਰਿ ਜਨਹੁ! (ਗੁਰ ਨਾਨਕ ਪੰਚਮ ਸਰੂਪ ਸਾਹਿਬ ਜੀ ਆਪਣੇ ਗੁਰਸਿਖਾਂ ਨੂੰ ਅਸੀਸ, ਵਰ, ਲੋਰੀਆਂ ਦਿੰਦੇ ਹਨ) ਤੁਸੀਂ ਰਮਤ ਰਾਮ ਵਾਹਿਗੁਰੂ ਦਾ ਗੁਰਮੰਤ੍ਰ ਸਿਮਰਨ, ਜਾਪ, ਹਿਰਦੇ ਅੰਦਰ ਸੁਆਸ ਅਭਿਆਸ ਬਿਲੋਵਨੜਾ ਮਧਾਣਾ ਫੇਰ ਕੇ ਕਰਹੁ। ਅਜਿਹੇ ਅਜਪਾ ਜਾਪੀ ਸਿਮਰਨ ਕਰਨਹਾਰੇ ਗੁਰਮਤਿ ਨਾਮ (ਗੁਰਮੰਤ੍ਰ) ਅਭਿਆਸੀ ਜਨ ਦੇ, ਕੋਈ ਅਲੀ, ਬਲਾ, ਅਪਦਾ, ਬਿਪਤਾ ਨੇੜੇ ਨਹੀਂ ਆਉਂਦੀ ਅਤੇ ਅਭਿਆਸੀ ਜਨ ਨਾਮ ਕਮਾਈ ਵਾਲੇ : ਅਨਿੰਨ ਸੇਵਕ ਦਾਸਰੇ ਦੇ ਸਾਰੇ ਕਾਰਜ ਨਿਰ-ਵਿਘਨ ਪੂਰੇ ਹੋ ਜਾਂਦੇ ਹਨ। ਨਾਮ ਸਿਮਰਨ ਰੂਪੀ ਸੇਵਾ ਕੋਟ ਬਿਘਨਾਂ ਦੇ ਬਿਨਾਸਨਹਾਰੀ ਹੈ ਅਤੇ ਗੋਬਿੰਦ (ਵਾਹਿਗੁਰੂ) ਦੇ ਨਿਹਚਲ ਧਾਮ ਵਿਖੇ ਵਾਸ ਨਿਵਾਸ ਕਰਾਵਨਹਾਰੀ ਹੈ। ਐਸੇ ਭਗਵੰਤ ਭਗਤ ਨੂੰ ਕਿਸੇ ਪ੍ਰਕਾਰ ਦਾ ਭੀ ਭਉ-ਭੋਜਲ ਨਹੀਂ ਵਿਆਪਦਾ ਅਤੇ ਜਮ ਦਾ ਤ੍ਰਾਸ ਵੀ ਨਹੀਂ ਪੋਂਹਦਾ, ਸਗੋਂ ਧਰਮ ਰਾਜ ਤੇ ਜਮਦੂਤ ਭੀ ਭਗਵੰਤ ਭਗਤ ਨੂੰ ਆਦਰ ਭਰੇ ਸਤਿਕਾਰ ਸਨਮਾਨ ਨਾਲ ਪੇਸ਼ ਆਉਂਦੇ ਹਨ। ਤਾਂ ਤੇ ਗੋਪਾਲ ਗੋਬਿੰਦ ਵਾਹਿਗੁਰੂ ਦੀ ਨਾਮ ਅਭਿਆਸ ਕਮਾਈ ਨੂੰ ਤਜ ਕੇ ਹੋਰ ਜੋ ਭੀ ਕਰਨੀ ਹੈ ਸੋ ਸਭ ਬਿਨਸਨਹਾਰੀ ਹੈ ਅਤੇ ਕਰੀ (ਖਾਮੀਆਂ ਵਾਲੀ) ਹੈ। ਨਿਹਚਲ ਗੋਬਿੰਦ ਧਾਮ ਵਾਲੀ ਪਕਿਆਈ ਏਸੇ ਵਿਚ ਹੈ ਕਿ ਨਾਮ ਸਿਮਰਨ ਅਭਿਆਸ ਦੀ ਅਥੱਕ ਅਤੇ ਅਡੋਲ ਕਮਾਈ ਦੁਆਰਾ ਵਾਹਿਗੁਰੂ ਪ੍ਰੀਤਮ ਦੇ ਪਰਮ ਪਿਆਰ, ਚਰਨ ਕੰਵਲਾਂ ਨੂੰ ਹਿਰਦੇ ਵਿਚ ਰੱਖ ਕੇ ਸੰਭਾਲੀ ਰਖੇ, ਕਿਉਂਕਿ ਚਰਨ ਕੰਵਲਾਂ ਦੇ ਹਿਰਦੇ ਅੰਦਰ ਰਖਣ ਵਿਚ ਹੀ ਸਮੂਹ ਸੁਖਾਂ ਦਾ ਬਿਸਰਾਮ ਹੈ। ਰਸਨ ਰਟੌਨੜੀ ਨਾਮ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਵਿਗਾਸੀ ਬਿਸਮਾਦ ਕਲਾ ਵਾਲਾ ਨਾਮ ਹਿਰਦੇ ਅੰਦਰਿ ਜਦੋਂ ਪਰਗਾਸਦਾ ਹੈ ਤਾਂ ਇਸ ਦੀ ਪਕੜ, ਨਾਭ ਕੰਵਲ ਵਿਖੇ, ਜਕੜ ਜੁੜਿਆ ਸੁਆਦ ਅਹਿਲਾਦ ਉਤਪੰਨ ਕਰ ਦਿੰਦੀ ਹੈ। ਇਸ ਬਿਸਮਾਦ, ਅਹਿਲਾਦੀ ਰਸ ਸੁਆਦ ਵਿਚ ਰਮੇ ਹੋਏ

ਸੁਆਸ, ਅਭਿਆਸੀ ਜਨ ਦੀ ਨਾਭੀ ਅੰਦਰਿ ਹੀ ਅਟਕੇ ਰਹਿੰਦੇ ਹਨ। ਇਸ ਵਿਸਮਾਦ ਸੁਆਦ ਦਾ ਰਸੀਆ ਹੋ ਕੇ ਅਭਿਆਸੀ ਜਨ ਸੁਆਸਾਂ ਨੂੰ ਸ਼ਬਦ ਅਭਿਆਸ ਦੇ ਬਲ ਨਾਲ ਆਪਣੀ ਨਾਭੀ ਵਿਖੇ ਅਟਕਾਈ ਰਖਦਾ ਹੈ ਅਤੇ ਸੁਰਤੀ ਨੂੰ ਸਹਜ ਹੀ ਗਗਨ ਦੁਆਰ (ਦਸਮ ਦੁਆਰ) ਵਿਖੇ ਚੜ੍ਹਾ ਲੈਂਦਾ ਹੈ; ਨਾਮ ਦਾ ਇਹ ਰਸ-ਸੱਤ-ਵਿਗਾਸ-ਟਿਕਾਉ ਵਿਚ ਨਾਭ ਅੰਦਰਿ ਅਜੇ ਰਹਿਣਾ, ਚਰਨ ਕੰਵਲਾ ਦਾ ਹਿਰਦੈ ਅੱਜਰ ਗਹਿਣਾ (ਕਰਨਾ) ਹੈ। ਚਰਨ ਕੰਵਲਾਂ ਦਾ ਇਹ ਗਹਿਣ-ਗਹਾਉ ਦਯੜ ਢਿੱਲੋਂ (ਅਕਾਲ ਪੁਰਖ ਪਿਆਰੇ) ਦੇ ਸਾਖਸ਼ਾਤ ਦਰਸ਼ਨਾਂ ਦਾ ਸਚਾ ਢੋਆ ਹੈ, ਜਿਸ ਦੇ ਬਲ ਨਾਲ ਪੰਚੇ ਮਹਾਂ ਬਲੀਆਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਭੀ ਅਭਿਆਸੀ ਜਨ ਆਪਣੇ ਵਸਗਤ ਚਰਨ ਕੰਵਲਾਂ ਕੀ ਮਉਜ ਕਰ ਲੈਂਦਾ ਹੈ (ਬੰਨ੍ਹ ਲੈਂਦਾ ਹੈ)। ਇਹ ਆਤਮ ਸੁਤੇ ਸਿਧ (ਨਿਰਯਤਨ) ਹੀ ਬਣੀ ਰਹਿੰਦੀ ਹੈ। ਏਥੇ (ਏਸ ਦਸ਼ਾ ਅੰਦਰ) ਅਕਾਲ ਪੁਰਖ ਆਪਣੇ ਨਾਮ-ਰਸਾਇਣੀ ਰਸ-ਜੋਤਿ-ਵਿਸਮਾਦ ਅਹਿਲਾਦ ਚਰਨ ਆਪਣੇ ਹੀ ਵਿਚ ਆਪ ਖਲੋ ਕੇ ਅਭਿਆਸੀ ਜਨ ਨੂੰ ਆਪਣੇ ਆਪ ਹੀ ਵਿਚ ਆਪ ਬਲ ਬਖਸ਼ ਕੇ ਅਭਿਆਸ ਕੋਲੋਂ ਜਪਾਉਂਦਾ ਹੈ। ਯਥਾ ਗੁਰਵਾਕ -

*ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥*
*ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥*

*ਅੰਗ - ੧੧੯੩*

ਏਸ ਪਦ ਪ੍ਰਾਪਤ ਹੋਏ ਚਰਨ ਕੰਵਲਾਂ ਦੀ ਓਟ ਪ੍ਰਾਇਣ ਹੀ ਸਗਲੇ ਅਭਿਆਸੀ ਜਨਾਂ ਦਾ ਸਚੜਾ ਉਧਾਰ ਹੁੰਦਾ ਹੈ। ਜੈਸੇ ਕਿ ਗੁਰਵਾਕ ਹੈ -

*ਚਰਨ ਕਮਲ ਕੀ ਓਟ ਉਧਰੇ ਸਗਲ ਜਨ॥੧੨॥*

*ਅੰਗ - ੭੦੯*

ਜਿਨ੍ਹਾਂ ਨੂੰ ਚਰਨ ਕੰਵਲਾਂ ਦਾ ਆਧਾਰ ਹੈ, ਜੋ ਚਰਨ ਕੰਵਲਾਂ ਦੇ ਆਧਾਰ ਬਿਨਾਂ ਜੀਉ ਨਹੀਂ ਸਕਦੇ, ਤਿਨ੍ਹਾਂ ਦਾ ਹੀ ਸਚੜਾ ਉਧਾਰ ਹੁੰਦਾ ਹੈ। ਚਰਨ ਕੰਵਲ ਆਧਾਰੀ ਜਨਾਂ ਨੂੰ ਹੀ ਚਰਨ ਕੰਵਲਾਂ ਦੀ ਸਚੀ ਓਟ ਪ੍ਰਾਪਤ ਹੋਈ ਹੈ। ਚਰਨ ਕਮਲ ਆਧਾਰੀ ਜਨਾਂ ਨੂੰ ਅੰਤਰਗਤੀ ਆਧਾਰੁ ਰਸ-ਜੋਤਿ ਬੇਧਨੀ ਤਾਰ ਦੁਆਰਾ ਹਰ ਦਮ ਹੀ ਬੁਧੀ ਹੈ ਅਤੇ ਚਲੂਲੇ ਮਜੀਠੀ ਆਤਮ ਰੰਗਾਂ ਵਿਚ ਹਰ ਦਮ ਰੰਗੀ ਰਖਦਾ ਹੈ। ਯਥਾ ਗੁਰਵਾਕ -

*ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ॥੧੧॥*

*ਅੰਗ - ੭੦੮*

ਜੋ ਜਨ ਇਸ ਬਿਧ ਚਰਨ ਕੰਵਲਾਂ ਦੇ ਰਸ ਰੰਗ ਵਿਚ ਬਧੇ ਗੀਧੇ ਅਤੇ ਰਚ ਰੀਧੇ ਰਹਿੰਦੇ ਹਨ, ਸੋ ਗੁਰਮੁਖ ਸਿੱਖ ਸੰਤ ਜਨ ਬਸ ਏਹਨਾ ਰੰਗਾਂ ਵਿਚ ਹੀ ਮਸਤ ਰਹਿੰਦੇ ਹਨ। ਓਹਨਾਂ ਨੂੰ ਚਰਨ ਕੰਵਲਾਂ ਦੇ ਰਸ ਰੰਗ ਵਿਚ ਰਹਿਣ ਤੋਂ ਬਿਨਾਂ ਹੋਰ ਕੋਈ ਰੁਚੀ ਉਪਜਦੀ ਹੀ ਨਹੀਂ। ਯਥਾ ਗੁਰਵਾਕ -

*ਚਰਨ ਕਮਲ ਰੰਚਤਿ ਸੰਤਹ ਨਾਨਕ ਆਨ ਨ ਰੁਚਤੇ॥੧॥*

*ਅੰਗ - ੭੦੮*

ਉਹ ਦਿਨਸ ਰੈਣ ਏਸੇ ਇਕੋ ਰੰਗ ਵਿਚ ਰੱਤੇ ਰਹਿੰਦੇ ਹਨ ਅਤੇ ਚਰਨ ਕੰਵਲਾਂ ਦੇ ਰੰਗ ਵਿਚ ਅਹਿਨਿਸ ਰੱਤੇ ਰਹਿਣ ਕਰਕੇ ਉਹ ਅਕਾਲ ਪੁਰਖ ਵਾਹਿਗੁਰੂ ਦੇ ਸਦਾ ਹੀ ਸਨਮੁਖ ਰਹਿੰਦੇ ਹਨ ਅਤੇ ਸਦਾ ਹੀ ਪ੍ਰਭੂ ਪ੍ਰਮਾਤਮਾ ਵਾਹਿਗੁਰੂ ਨੂੰ ਆਪਣੇ ਅੰਗ ਸੰਗ ਕਰਕੇ ਪਰਤੱਖ ਲਖਦੇ ਹਨ। ਸਦਾ ਹੀ ਹਾਜ਼ਰ ਨਾਜ਼ਰ ਜਾਣਦੇ ਪੇਖਦੇ ਹਨ। ਜਿਨ੍ਹਾਂ ਸੰਤ-ਜਨਾਂ ਨੇ ਵਾਹਿਗੁਰੂ ਨਾਮ ਨੂੰ ਹੀ ਆਪਣਾ ਵਰਤਣ ਵਲੇਵਾ ਬਣਾ ਰੱਖਿਆ ਹੈ। ਨਾਮ ਹੀ ਉਹਨਾਂ ਦਾ ਆਧਾਰ ਹੈ, ਨਾਮ ਹੀ ਓਹਨਾਂ ਦਾ ਅਹਾਰ ਹੈ। ਜ਼ਾਹਰਦਾਰੀ ਵਿਚ ਓਹਨਾਂ ਦਾ ਖਾਣਾ ਪੀਣਾ ਤੇ ਵਰਤਣ ਵਿਹਾਰ, ਸੈਨ ਚੈਨ ਕੇਵਲ ਠਾਠਾ ਬਾਗਾ ਹੀ ਹੈ। ਨਾਮ-ਅਹਾਰ ਹੀ ਓਹਨਾਂ ਦਾ ਚਰਨ ਕੰਵਲ ਆਧਾਰ ਹੈ। ਚਰਨ ਕੰਵਲਾਂ ਦੇ ਦਿਬ ਜੋਤਿ ਦਰਸ਼ਨੀ ਦੀਦਾਰ ਕਰਿ ਕਰਿ ਹੀ ਓਹ ਤ੍ਰਿਪਤ ਅਘਾਇ ਰਹਿੰਦੇ ਹਨ। ਵਾਹਿਗੁਰੂ ਕਰਤਾਰ ਦੇ ਚਰਨ ਕੰਵਲਾਂ ਦੇ ਦੀਦਾਰ ਵਿਚ ਚੁਭੀ ਮਾਰ ਕੇ ਓਹ ਵਾਹਿਗੁਰੂ ਅਕਾਲ ਪੁਰਖ ਦਾ ਸਾਖਸ਼ਾਤ ਦਰਸ ਦੀਦਾਰ ਪੇਖਦੇ ਹਨ ਅਤੇ ਪੇਖਿ ਪੇਖਿ ਤ੍ਰਿਪਤਾਸ ਹੁੰਦੇ ਹਨ। ਇਸ ਬਿਧ ਹਰਿ ਦਰਸ਼ਨ ਰੰਗਾਂ ਵਿਚ ਰਤ ਕੇ ਓਹਨਾਂ ਦਾ ਮਨ ਤਨ ਭੀ ਹਰਿਆ ਹੋ ਜਾਂਦਾ ਹੈ ਅਤੇ ਰਸ ਦੀਦਾਰ-ਖੰਡਾਂ ਵਿਚ ਹਰੇ ਭਰੇ ਹੋ ਕੇ ਉਹਨਾਂ ਦੇ ਰਗ ਰੇਸ਼ੇ ਵਿਚ ਕਰਤਾਰ ਦੀ ਧੰਨਤਾ ਦਾ ਆਵਾਜ਼ਾ ਹੋਰ ਭੀ ਉਚਾ ਬੁਲੰਦ ਹੁੰਦਾ ਹੈ। ਧੰਨ ਗੁਰੂ, ਧੰਨ ਧੰਨ ਗੁਰੂ ਕਰਤਾਰ ਦੀ ਵਾਹ-ਵਿਸਮਾਦੀ-ਟੇਰ ਪੁਕਾਰ ਸਹਜ ਸੁਭਾਵ ਹੀ ਰਸ ਵਿਗਾਸ ਰੰਗਾਂ ਵਿਚ ਸੁਆਸ ਸੁਆਸ ਉਚਾਰਨ ਹੁੰਦੀ ਹੈ। ਇਸ ਬਿਧ ਹਿਰਦੇ ਵਿਚ ਚਰਨ ਕੰਵਲਾਂ ਦੀ ਮਉਜ ਓਹਨਾਂ ਦਾ ਤੱਤ-ਆਤਮ-ਆਧਾਰ ਬਣ ਜਾਂਦੀ ਹੈ। ਇਸ ਚਰਨ ਕੰਵਲਾਹੀ ਆਤਮ-ਆਧਾਰੀ ਮੌਜ ਵਿੱਚ ਇਕੋ ਇਕ, ਕੇਵਲ ਇਕੋ ਸੱਤਾ ਨੂੰ ਜਤ ਕਤ ਅਤੇ ਸਰਬਤ੍ਰ ਰਮਿਆ ਨਿਹਾਰਦੇ ਹਨ ਅਤੇ ਇਕੋ ਦੇ ਹੁਕਮੀ ਬੰਦੇ ਆਗਿਆਕਾਰ ਬਣੇ ਰਹਿੰਦੇ ਹਨ। ਸਿਫਤਿ ਸਾਲਾਹਣ ਰੂਪੀ ਹੁਕਮ ਰਜ਼ਾ ਵਿਚ ਹੀ ਸਦਾ ਤੱਤਪਰ ਰਹਿੰਦੇ ਹਨ। ਬਸ,

ਓਹ ਸਿਫਤਿ ਸਾਲਾਹ ਰੂਪੀ ਇਕੋ ਵਣਜ ਵਾਪਾਰ ਦੇ ਵਿਉਪਾਰੀ ਬਣੇ ਰਹਿੰਦੇ ਹਨ ਅਤੇ ਨਿਰੰਕਾਰੀ ਨਾਮ ਤੋਂ ਬਿਨਾਂ ਹੋਰ ਕੋਈ ਬਿਉਹਾਰ, ਵਣਜ ਵਾਪਾਰ ਨਹੀਂ ਜਾਣਦੇ, ਸਿਆਣਦੇ। ਏਹਨਾਂ ਨਿਰੰਕਾਰੀ ਨਾਮ ਆਧਾਰੀ ਰੰਗਾਂ ਦੀ ਆਤਮ ਅਨੰਦੀ ਮਊਜ ਵਿਚ ਉਹ ਹਰਖ-ਸੋਗ ਦੋਹਾਂ ਤੋਂ ਅਲੇਪ ਰਹਿੰਦੇ ਹਨ। ਇਸ ਵਿਧ ਉਹਨਾਂ ਨੂੰ ਰਾਜ ਜੋਗ ਅਤੇ ਸਖੀ ਜੋਗ ਸਹਜੇ ਅਤੇ ਪਹਿਲਾਂ ਹੀ ਪ੍ਰਾਪਤ ਹੋਈ ਰਹਿੰਦੀ ਹੈ। ਉਹ ਜਿਸ ਮਾਤਰ ਵਿਚ ਤਾਂ ਸੰਸਾਰ, ਕੁਟੰਬ, ਪਰਵਾਰ, ਸਾਰਿਆਂ ਵਿਚ ਹੀ ਰਲੇ ਮਿਲੇ ਰਹਿੰਦੇ ਹਨ, ਪਰ ਓਹਨਾਂ ਵਿਚ ਖੱਚਤ ਨਹੀਂ ਹੁੰਦੇ, ਅਤੇ ਸਭ ਤੋਂ ਨਿਰਾਲੇ ਹੀ ਬਿਰਤ ਬਿਬੇਕ ਵਰਤਾਉ ਰਖਦੇ ਹਨ। ਮਾਇਆ ਮਮਤਾ ਦੀ ਲੇਪ ਤੋਂ ਨਿਰਾਲਮ ਰਹਿੰਦੇ ਹਨ ਅਤੇ ਸ਼ਬਦ-ਸੁਰਤੇ ਹੁੰਦੇ ਹੋਏ ਸਦਾ ਹੀ ਪਾਰਬ੍ਰਹਮ ਪਰਮੇਸ਼ਰ ਵਾਹਿਗੁਰੂ ਦਾ ਧਿਆਨ ਧਰੀ ਰਖਦੇ ਹਨ, ਐਸੇ ਨਾਮ ਅਭਿਆਸੀ ਜਨਾਂ ਗੁਰਮੁਖ ਸਿਖ ਸੰਤਾਂ ਦੀ ਮਹਿਮਾ ਅਪਰ ਅਪਾਰ ਹੈ। ਕਿਹੜੀ ਕਿਹੜੀ ਉਪਮਾ ਉਨ੍ਹਾਂ ਦੀ ਕੀਤੀ ਜਾਵੇ। ਬੜੀ ਹੀ ਅਗਾਧ ਬੋਧ ਮਹਿਮਾ ਹੈ, ਨਾਮ ਰਸੀਏ ਸੰਤ ਜਨਾਂ ਦੀ, ਜਿਸ ਦੀ ਮਿਤ ਕੀਮਤ ਨਹੀਂ ਪਾਈ ਜਾ ਸਕਦੀ; ਪਾਰਬ੍ਰਹਮ ਦੀ ਪਰਮ ਕਿਰਪਾ ਹੋਵੇ ਤਾਂ ਅਜਿਹੇ ਨਾਮ ਨਾਮੀ ਅਭੇਦ ਸੰਤ ਜਨਾਂ ਦੀ ਧੂੜੀ ਪ੍ਰਾਪਤ ਹੋਏ। ਪਿਛਲੇ ਸਾਰ ਸਿਧਾਂਤ ਦੀ ਪ੍ਰੋੜਤਾ ਇੰਨ ਬਿੰਨ ਇਹ ਹੇਠ ਲਿਖਿਆ ਗੁਰਵਾਕ ਕਿਆ ਭਲੀ ਭਾਂਤ ਕਰਦਾ ਹੈ :

*ਰੈਣਿ ਦਿਨਸੁ ਰਹੈ ਇਕ ਰੰਗਾ॥*
*ਪ੍ਰਭ ਕਉ ਜਾਣੈ ਸਦ ਹੀ ਸੰਗਾ॥*
*ਠਾਕੁਰ ਨਾਮੁ ਕੀਓ ਉਨਿ ਵਰਤਨਿ॥*
*ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ॥੧॥*
*ਹਰਿ ਸੰਗਿ ਰਾਤੇ ਮਨ ਤਨ ਹਰੇ॥*
*ਗੁਰ ਪੂਰੇ ਕੀ ਸਰਨੀ ਪਰੇ॥੧॥ਰਹਾਉ॥*
*ਚਰਣ ਕਮਲ ਆਤਮ ਆਧਾਰ॥*
*ਏਕੁ ਨਿਹਾਰਹਿ ਆਗਿਆਕਾਰ॥*
*ਏਕੋ ਬਨਜੁ ਏਕੋ ਬਿਉਹਾਰੀ॥*
*ਅਵਰੁ ਨ ਜਾਨਹਿ ਬਿਨੁ ਨਿਰੰਕਾਰੀ॥੨॥*
*ਹਰਖ ਸੋਗ ਦੁਹਹੂੰ ਤੇ ਮੁਕਤੇ॥*
*ਸਦਾ ਅਲਿਪਤੁ ਜੋਗ ਅਰੁ ਜੁਗਤੇ॥*
*ਦੀਸਹਿ ਸਭ ਮਹਿ ਸਭ ਤੇ ਰਹਤੇ॥*
*ਪਾਰਬ੍ਰਹਮ ਕਾ ਓਇ ਧਿਆਨੁ ਧਰਤੇ॥੩॥*
*ਸੰਤਨ ਕੀ ਮਹਿਮਾ ਕਵਨ ਵਖਾਨਉ॥*
*ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ॥*
*ਪਾਰਬ੍ਰਹਮ ਮੋਹਿ ਕਿਰਪਾ ਕੀਜੈ॥*
*ਧੂਰਿ ਸੰਤਨ ਕੀ ਨਾਨਕ ਦੀਜੈ॥੪॥੧੭॥੮੬॥*

*ਅੰਗ - ੧੮੧*

ਚਰਨ ਕੰਵਲ ਦੀ ਮਊਜ਼ ਵਾਲੇ ਸੰਤ ਜਨਾਂ ਗੁਰਮੁਖਾਂ ਪਿਆਰਿਆਂ ਦੀ ਰਹਿਤ ਰਹਿਣੀ, ਬਿਬੇਕ ਕਰਨੀ ਅਗਲੇਰੇ ਗੁਰਵਾਕ ਵਿਖੇ ਇਸ ਬਿਧ ਵਰਣਨ ਹੈ -

*ਬਾਹਰਿ ਰਾਖਿਓ ਰਿਦੈ ਸਮਾਲਿ॥*
*ਘਰਿ ਆਏ ਗੋਵਿੰਦੁ ਲੈ ਨਾਲਿ॥੧॥*
*ਹਰਿ ਹਰਿ ਨਾਮੁ ਸੰਤਨ ਕੈ ਸੰਗਿ॥*
*ਮਨੁ ਤਨੁ ਰਾਤਾ ਰਾਮ ਕੈ ਰੰਗਿ॥੧॥ਰਹਾਉ॥*
*ਗੁਰ ਪਰਸਾਦੀ ਸਾਗਰੁ ਤਰਿਆ॥*
*ਜਨਮ ਜਨਮ ਕੇ ਕਿਲਵਿਖ ਸਭਿ ਹਿਰਿਆ॥੨॥*
*ਸੋਭਾ ਸੁਰਤਿ ਨਾਮਿ ਭਗਵੰਤੁ॥*
*ਪੂਰੇ ਗੁਰ ਕਾ ਨਿਰਮਲ ਮੰਤੁ॥੩॥*
*ਚਰਣ ਕਮਲ ਹਿਰਦੇ ਮਹਿ ਜਾਪੁ॥*
*ਨਾਨਕ ਪੇਖਿ ਜੀਵੈ ਪਰਤਾਪੁ॥੪॥੮੮॥੧੫੭॥*

*ਅੰਗ - ੧੯੭*

ਚਰਨ ਕਮਲ ਮਉਜਾਰੀ ਗੁਰਮੁਖ ਸੰਤ ਜਨ ਚਰਨ ਕੰਵਲਾਂ ਦੇ ਮਊਜ਼-ਰੰਗਾਂ ਵਿਚ ਰੰਗੀਜ ਕੇ ਚਰਨ ਕੰਵਲਾਂ ਦੀ ਜਪ-ਉਪਾਸ਼ਨਾ ਸਗੋਂ ਹੋਰ ਵਧੇਰੇ ਤਤਪਰ ਹੋ ਕੇ ਕਰਦੇ ਹਨ, ਕਾਜ ਕਾਮ ਵਿਖੇ, ਵਾਟਿ ਘਾਟਿ ਬਾਹਰ ਵਿਚਰਦੇ ਹੋਏ ਭੀ ਗੋਬਿੰਦ ਨਾਮ ਰੂਪੀ ਰਸ-ਜੋਤਿ-ਕਿਰਣੀ-ਗੋਬਿੰਦ ਚਰਨਾਂ ਨੂੰ ਆਪਣੇ ਅੰਦਰਿ ਸੰਮ੍ਹਾਲ ਕੇ ਰਖਦੇ ਹਨ। ਬਾਹਰੋਂ ਧੰਦਿਆਂ ਤੋਂ ਫ਼ਾਰਗ ਹੋ ਕੇ ਜਦੋਂ ਘਰਿ ਆਉਂਦੇ ਹਨ, ਓਦੋਂ ਭੀ ਗੋਬਿੰਦ ਨਾਮ ਪ੍ਰਤਿਬਿੰਬਤੀ ਚਰਨਾਂ ਨੂੰ ਹਿਰਦੇ ਵਿਚ ਸਮ੍ਹਾਲੀ ਹੀ ਨਾਲ ਲੈ ਕੇ ਆਉਂਦੇ ਹਨ, ਕਿਉਂਕਿ ਵਾਹਿਗੁਰੂ ਨਾਮ ਦਾ ਜਾਪ ਹਰ ਦਮ ਸੰਤ ਜਨਾਂ ਦੇ ਸੁਆਸ ਸੁਆਸ ਅਤੇ ਰੋਮ ਰੋਮ ਵਿਚ ਰਚਿਆ ਰਹਿੰਦਾ ਹੈ ਅਤੇ ਉਹਨਾਂ ਦਾ ਮਨੁ-ਤਨੁ ਖਿਨ-ਖਿਨ ਰਾਮ-ਰੰਗਾਂ ਵਿਚ ਹੀ ਰੱਤਿਆ ਰਹਿੰਦਾ ਹੈ। ਇਹ ਓਹਨਾਂ ਉਤੇ ਗੁਰੂ ਦੀ ਅਪਾਰ ਕਿਰਪਾ ਹੈ ਕਿ ਖਿਨ ਮਾਤਰ ਭੀ ਨਾਮ ਓਹਨਾਂ ਨੂੰ ਨਹੀਂ ਵਿਸਰਦਾ, ਸੋ ਗੁਰੂ ਦੇ ਪ੍ਰਸਾਦਿ ਕਰਕੇ ਓਹ ਭਵ-ਸਾਗਰ ਤੋਂ ਸੁਖੈਨ ਹੀ ਪਾਰ ਉਤਰ ਜਾਂਦੇ ਹਨ ਅਤੇ ਓਹਨਾਂ ਦੇ ਜਨਮ ਜਨਮਾਂਤਰਾਂ ਦੇ ਕਿਲਵਿਖ ਪਾਪ ਰੋਗ ਸਭਿ ਦੂਰ ਹੋ ਜਾਂਦੇ ਹਨ। ਭਗਵੰਤ ਦੇ ਨਾਮ ਦੀ (ਸੁਰਤਿ-ਸ਼ਬਦ ਦੀ) ਸੋਭਾ ਅੱਤ ਨੀਕੀ ਹੈ, ਅਤੇ ਪੂਰੇ ਸਤਿਗੁਰੂ ਦੁਆਰਿਓਂ ਪ੍ਰਾਪਤ ਹੋਏ ਗੁਰਮੰਤਰ ਦੀ ਅਮਿਤ ਵਡਿਆਈ ਹੈ। ਚਰਨ ਕੰਵਲ ਮਉਜਾਰੀ ਸੰਤ ਜਨਾਂ ਦਾ ਚਰਨ ਕੰਵਲਾਂ ਦੇ ਰੰਗਾਂ ਵਾਲਾ ਵਿਰਦ ਜਾਪ ਇਸ ਬਿਧਿ ਸਦ ਸਦਾ ਹੀ ਬਣਿਆ ਰਹਿੰਦਾ ਹੈ। ਓਹ ਹਿਰਦੈ ਵਿਖੇ ਚਰਨ ਕੰਵਲਾਂ ਦੇ ਰੰਗਾਂ ਨੂੰ ਗਾਂਵਦੇ

ਹੋਏ ਚਰਨ ਕੰਵਲਾਂ ਦੀ ਸੋਭਾ ਨੂੰ ਪੇਖਿ ਪੇਖਿ ਵਿਗਸਾਉਂਦੇ ਬਿਸਮਾਉਂਦੇ ਹਨ ਅਤੇ ਵਿਗਾਸ ਵਿਗਾਸਨੀ, ਆਤਮ-ਹਸਨੀ, ਬਿਸਮ ਸਰਮਨੀ, ਅਵਸਥਾ ਵਿਚ ਅਨੰਦ, ਬਿਨੋਦ, ਕੇਲ ਕਰਦੇ ਹੋਏ ਭੀ ਰਿਦ-ਰਮਨੜੇ ਸਦ ਜੀਵਨ-ਜੁਗਤ-ਪਰਤਾਪੀ ਚਰਨ ਕੰਵਲਾਂ ਦਾ ਵਿਰਦ ਜਾਪ ਕਰਦੇ ਹੀ ਰਹਿੰਦੇ ਹਨ, ਰੁਕਦੇ ਥੰਮਦੇ ਨਹੀਂ। ਇਹ ਵਾਰਿਗੁਰੂ ਦੇ ਚਰਨ ਕੰਵਲਾਂ ਦਾ ਹਿਰਦੇ ਵਿਚ ਧਾਰਨਾ ਹੈ। ਸੋ ਚਰਨ ਕੰਵਲਾਂ ਦੀ ਮਉਜ ਮਾਨਣਹਾਰੇ ਗੁਰਮੁਖਿ ਪਿਆਰੇ ਇਸ ਬਿਧਿ ਸਦਾ ਹੀ ਪ੍ਰਭੂ ਦੇ ਚਰਨ ਕੰਵਲਾਂ ਨੂੰ ਹਿਰਦੇ ਵਿਖੇ ਧਾਰੀ ਰੱਖਦੇ ਹਨ। ਇਹ ਪੂਰਨ ਬਿਧੀ ਪੂਰੇ ਸਤਿਗੁਰ ਦੇ ਦੁਆਰਿਓਂ ਪ੍ਰਾਪਤ ਹੁੰਦੀ ਹੈ, ਜੋ ਧਾਰਨ ਕਰਨ ਵਾਲਿਆਂ ਦਾ ਪੂਰਨ ਨਿਸਤਾਰਾ ਕਰ ਦਿੰਦੀ ਹੈ। ਯਥਾ ਗੁਰਵਾਕਾ -

***ਹਿਰਦੈ ਚਰਨ ਕਮਲ ਪ੍ਰਭ ਧਾਰੇ॥***
***ਪੂਰੇ ਸਤਿਗੁਰ ਮਿਲਿ ਨਿਸਤਾਰੇ॥੧॥੬੯॥***
***ਅੰਗ - ੧੯੩***

ਇਹ ਚਰਨ ਕੰਵਲਾਂ ਨੂੰ ਉਰਿਧਾਰਨ ਦੀ ਪ੍ਰੀਤਿ-ਰੀਤਿ ਕੇਵਲ ਗੁਰਮੁਖਿ ਸੰਤ ਜਨਾਂ ਦੇ ਮਨਾਂ ਵਿਚ ਹੀ ਪ੍ਰੋਤੀ ਹੋਈ ਹੁੰਦੀ ਹੈ। ਉਨ੍ਹਾਂ ਨੂੰ ਇਸ ਚਰਨ ਕੰਵਲ ਪ੍ਰੀਤਿ-ਰੀਤਿ ਬਾਝੋਂ ਹੋਰ ਦੁਤੀਆ ਭਾਵ ਦੀ ਬਿਪ੍ਰੀਤ ਅਨੀਤ ਭਾਉਂਦੀ ਹੀ ਨਹੀਂ। ਯਥਾ ਗੁਰਵਾਕ -

***ਚਰਨ ਕਮਲ ਸਿਉ ਪ੍ਰੀਤਿ ਰੀਤਿ ਸੰਤਨ ਮਨਿ ਆਵਏ ਜੀਉ॥***
***ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ॥***
***ਦਾਸਾ ਨਹ ਭਾਵਏ ਬਿਨੁ ਦਰਸਾਵਏ ਇਕ ਖਿਨੁ ਧੀਰਜੁ ਕਿਉ ਕਰੈ॥***
***ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ॥੧॥ ਛੰਤ ਸਿਰੀ ਰਾਗ ਮਹਲਾ ੫, ਪੰਨਾ ੮੦***

ਇਸ ਗੁਰਵਾਕ ਅਨੁਸਾਰ ਚਰਨ ਕੰਵਲ ਦੇ ਭਉਰਿਆਂ ਨੂੰ ਬਿਨਾਂ ਚਰਨ ਕੰਵਲ ਦੇ ਦਰਸ਼ਨਾਂ ਦੇ ਹੋਰ ਕੁਛ ਭਾਉਂਦਾ ਹੀ ਨਹੀਂ। ਉਹਨਾਂ ਨੂੰ ਏਹਨਾਂ ਦਰਸ਼ਨਾਂ ਬਿਨਾ ਇਕ ਖਿਨ ਭੀ ਧੀਰਜ ਨਹੀਂ ਆਉਂਦੀ। ਧੀਰਜ ਆਵੇ ਤਾਂ ਕਿਵੇਂ ਆਵੇ? ਤਾਂਹੀ ਤਾਂ ਉਹ ਚਰਨ ਕੰਵਲ-ਦਰਸਪਰਤਾਪੀ-ਨਾਮ ਦੇ ਜਾਪ ਵਿਚ ਖਿਨ ਖਿਨ ਜੁਟੇ ਰਹਿੰਦੇ ਹਨ, ਜਿਸ ਤੋਂ ਬਿਹੂਨ ਇਕ ਛਿਨ ਵਿਚ ਹੀ ਓਹਨਾਂ ਦਾ ਤਨ, ਮਨ ਪ੍ਰਾਣ ਹੀਣਾ ਖੀਣਾ ਹੋ ਜਾਂਦਾ ਹੈ, ਜਿਵੇਂ ਕਿ ਜਲ ਬਿਹੂਨ ਮਛਲੀ ਦਾ ਮਰਨਾ ਹੁੰਦਾ ਹੈ, ਤਾਂ ਹੀ ਤਾਂ ਚਰਨ ਕੰਵਲ ਦੇ ਮਉਜੀ ਸੰਤ ਜਨ ਹਰ ਦਮ ਇਹੋ ਲੋਚਦੇ ਰਹਿੰਦੇ ਹਨ ਕਿ ਆਦਿ ਅੰਤ ਸਦ-ਸਦਾ ਚਰਨ ਕੰਵਲਾਂ ਦੀ ਮਉਜ ਹੀ ਮਾਣਦੇ ਰਹੀਏ। ਯਥਾ ਗੁਰਵਾਕ -

***ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥੧੨੦॥ ਸਲੋਕ ਕਬੀਰ ਜੀ, ਅੰਗ - ੧੩੭੦***

***ਰਾਜ ਨ ਚਾਹਉ ਮੁਕਤਿ ਨ ਚਾਹਉ***
***ਮਨਿ ਪ੍ਰੀਤਿ ਚਰਨ ਕਮਲਾਰੇ॥੧॥ ਅੰਗ - ੫੩੪***

ਇਸ ਮਉਜ ਦਾ, ਚਰਨ ਕੰਵਲ ਦੀ ਮਉਜ ਦਾ ਅਨੁਮਾਨ ਕੋਈ ਲਾ ਸਕਦਾ ਹੈ? ਕਥਨ ਕਹਿਣ ਤੋਂ ਅਗੋਚਰੀ ਹੈ, ਸੋਭਾ ਚਰਨ ਕੰਵਲ ਕੀ ਮਉਜ ਦੀ। ਜਿਸ ਪ੍ਰਥਾਇ ਇਹ ਗੁਰਵਾਕ ਹੈ -

***ਕਬੀਰ ਚਰਨ ਕਮਲ ਕੀ ਮਉਜ਼ ਕੋ ਕਹਿ ਕੈਸੇ ਉਨਮਾਨ॥***
***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥***

'ਕਹਿਬੇ ਕਉ ਸੋਭਾ' ਇਸ ਕਰਕੇ ਨਹੀਂ, ਕਿ ਸੋਭਾ ਕਹੀ ਹੀ ਨਹੀਂ ਜਾ ਸਕਦੀ ਹੈ, ਬਲਕਿ ਇਸ ਕਰਕੇ ਕਿ ਕਥਨ ਦੀ ਪਖੋਂ ਹੀ ਨਹੀਂ। ਚਰਨ ਕੰਵਲ ਦੀ ਮਉਜ ਆਨੰਦੀ ਸੋਭਾ ਕੇਵਲ ਲਖੀ ਪੇਖੀ ਹੀ ਪਰਵਾਨ ਹੈ। ਕਥੀ ਵਰਨੀ ਨਹੀਂ ਜਾ ਸਕਦੀ। ਜੇ ਕੋਈ ਕਹੇ ਤਾਂ ਭਲਾ ਕੀ ਅਨੁਮਾਨ ਸਦਰਸਤਾ ਦੇ ਕੇ ਕਹੇ ਵਰਨੇ? ਇਸ ਸੋਭਾ ਦੇ ਸਦਰਸ ਥੋੜਾ ਹੋਰ ਜੋ ਕੋਈ ਨਾ ਹੋਈ! ਅੱਖੀਆਂ ਦੇ ਵਿਸ਼ੇ ਵਾਲੀ ਸੱਤਾ ਸੁੰਦਰਤਾ, ਉੱਚੀ ਤੋਂ ਉੱਚੀ ਸੁੰਦਰਤਾ ਇਸ ਅਲੌਕਿਕ ਸੁੰਦਰਤਾ ਨੂੰ ਰਾਈ ਸਮਾਨ ਭੀ ਨਹੀਂ ਪੁੱਜ ਸਕਦੀ। ਸ਼੍ਰੇਣੀ ਗੁਣਾਂ ਦੀ ਕੋਈ ਭੀ ਸੋਭਾ ਸੁੰਦਰਤਾ, ਇਸ ਸੋਭਾ ਸੁੰਦਰਤਾ ਦੇ ਲਵੇ ਨਹੀਂ ਲਗ ਸਕਦੀ। ਚਰਨ ਕੰਵਲ ਮੌਜਜ਼ਾਨੀ ਸੋਭਾ ਨੂੰ ਮਾਨਣਹਾਰਾ, ਚਰਨ ਕੰਵਲਾਂ ਦੀ ਸੁੰਦਰਤਾ ਨੂੰ ਪੇਖ ਕੇ ਬਸ ਵਾਹੁ ਵਾਹੁ ਕਹਿੰਦਾ ਹੀ ਬਿਸਮਾਦ ਹੋ ਜਾਵੇਗਾ, ਚਰਨ ਕੰਵਲ ਕੀ ਮੌਜ ਦਾ ਆਨੰਦ ਰਸ ਮਾਣਦਾ ਹੋਇਆ ਉਹ ਬਸ ਗੂੰਗਾ ਹੋ ਜਾਏਗਾ। ਸਿਵਾਏ 'ਆਹ! ਹਾ' ਆਖਣ ਦੇ, ਯਾ 'ਵਾਹ' ਵਿਸਮਾਦੀ ਅੱਖਰ ਭਾਖਣ ਦੇ ਓਹ ਹੋਰ ਕੋਈ ਭੀ ਕਥਨੀ ਬਦਨੀ ਕਰਨ ਅਸਮਰਥ ਰਹੇਗਾ, ਏਥੇ ਨਾ ਕੋਈ ਉਦਾਹਰਨ ਦਿੱਤਾ ਜਾ ਸਕਦਾ ਹੈ, ਨਾ ਕੋਈ ਅਲੰਕਾਰ ਬੰਨ੍ਹਿਆ ਜਾ ਸਕਦਾ ਹੈ। ਪੇਖਣ ਪਰਖਣਹਾਰੇ ਤੋਂ ਭੀ ਨਹੀਂ ਬੰਨ੍ਹਿਆ ਜਾ ਸਕਦਾ, ਤਾਂ ਅਨੁਮਾਨ ਲਾਉਣ ਵਾਲਿਆਂ ਤੋਂ ਕੀ ਕਥਿਆ ਵਰਨਿਆ ਜਾ ਸਕਦਾ ਹੈ। ਬਸ, ਇਹ ਤਾਂ ਪੇਖਾ ਹੀ ਪਰਵਾਣ ਹੈ।

*ਪੁਸਤਕ 'ਚਰਨ ਕਮਲ ਕੀ ਮਉਜ' ਵਿਚੋਂ"*

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ

*(ਡਾ. ਤਾਰਨ ਸਿੰਘ ਜੀ)*

ਸਿੱਖ ਧਰਮ ਦੀ ਸੰਸਾਰ ਨੂੰ ਇਕ ਵਿਸ਼ੇਸ਼ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ 'ਪ੍ਰਗਟ ਗੁਰੂ' ਦਾ ਸਰੀਰਕ ਤੇ ਵਿਚ ਵਿਚਾਰਾਤਮਿਕ ਸਰੂਪ ਕਾਇਮ ਕਰਨ ਵਿਚ ਗੁਰੂ ਸਾਹਿਬਾਨ ਤੇ ਭਗਤਾਂ ਦੇ ਨਾਲ ਵਿਸ਼ੇਸ਼ ਹਿੱਸਾ ਗੁਰੂ ਅਰਜਨ ਸਾਹਿਬ ਦਾ ਹੈ। ਗੁਰੂ ਅਰਜਨ ਸਾਹਿਬ ਨੇ ਹੀ ਇਸ ਮਹਾਨ ਗ੍ਰੰਥ ਦੀ ਬੀੜ ਬੰਨ੍ਹੀ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਨੂੰ 'ਮੁੰਦਾਵਣੀ ਦੇ ਸ਼ਬਦ ਵਿਚ ਇਸ ਤਰ੍ਹਾਂ ਅੰਕਿਤ ਕੀਤਾ -

***ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥***
***ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ॥***
***ਜੇ ਕੋ ਖਾਵੈ ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ॥***
***ਏਹ ਵਸਤੁ ਤਜੀ ਨਹ ਜਾਈ, ਨਿਤ ਨਿਤ ਰਖੁ ਉਰਿ ਧਾਰੋ॥***
***ਤਮ ਸੰਸਾਰੁ ਚਰਨ ਲਗਿ ਤਰੀਐ, ਸਭੁ ਨਾਨਕ ਬ੍ਰਹਮ ਪਸਾਰੋ॥੧॥*** *ਅੰਗ - ੧੪੨੯*

'ਮੁੰਦਾਵਣੀ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦਾ ਐਲਾਨ ਹੈ। ਖੁਲ੍ਹੇ ਜਿਹੇ ਰੂਪ ਵਿਚ ਇਸ ਐਲਾਨ ਦਾ ਭਾਵ ਇਹ ਹੈ, ਸ੍ਰੀ ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ ਕਿ -

(੧) ਸੰਸਾਰ ਨੂੰ ਤੀਬਰ ਭੁੱਖ ਲਗੀ ਸੀ। ਇਹ ਭੁੱਖ 'ਉਧਾਰ' ਦੀ ਇੱਛਾ ਦੀ ਸੀ। ਸੰਸਾਰ ਦਾ ਹਰ ਪ੍ਰਾਣੀ ਚਾਹੁੰਦਾ ਹੈ ਕਿ ਉਸ ਦਾ ਉਧਾਰ ਹੋਵੇ। ਉਧਾਰ ਦਾ ਭਾਵ ਹੈ ਕਿ ਉਹ ਆਪਣੀ ਉਚਤਮ ਹੋਣੀ ਤੱਕ ਪੁੱਜ ਸਕੇ, ਜਿਸ ਦੀ ਸੰਭਾਵਨਾ ਉਸ ਵਿਚ ਰੱਖੀ ਹੈ। ਹਰ ਮਨੁੱਖ ਚ ਹੁੰਦਾ ਹੈ ਕਿ ਉਹ ਵਧ ਤੋਂ ਵਧ ਉਨਤੀ ਕਰੇ ਤੇ ਉੱਚੇ ਤੋਂ ਉੱਚਾ ਜਾ ਸਕੇ। ਮਨੁਖ ਸਰੀਰਕ, ਪਦਾਰਥਕ, ਆਰਥਕ, ਮਾਨਸਕ, ਬੌਧਿਕ ਤੇ ਆਤਮਕ ਉਨਤੀ ਚਾਹੁੰਦਾ ਹੈ। ਇਹ ਹੈ 'ਉਧਾਰ' ਦਾ ਸਿਧਾਂਤ।

(੨) ਪਰ ਸੰਸਾਰ ਵਿਚ ਅੰਧੇਰਾ ਤੇ ਅਗਿਆਨਤਾ ਹੈ, 'ਤਮ ਸੰਸਾਰ' ਹੈ। ਉਸ ਨੂੰ ਪਤਾ ਨਹੀਂ ਕਿ ਉਹ ਆਪਣੀ 'ਉਧਾਰ' ਦੀ ਭੁੱਖ ਨੂੰ ਕਿਵੇਂ ਦੂਰ ਕਰ ਸਕਦਾ ਹੈ? ਸਾਰੇ ਸੰਸਾਰ ਵਿਚ ਉਧਾਰ ਲਈ ਇੱਛਾ ਹੈ, ਪਰ ਉਸ ਨੂੰ ਉਧਾਰ ਪ੍ਰਾਪਤੀ ਦੇ ਸਾਧਨਾਂ ਦਾ ਪਤਾ ਨਹੀਂ ਹੈ। ਸਾਰਾ ਸੰਸਾਰ ਅਗਿਆਨਤਾ ਦੇ ਅੰਧੇਰੇ ਵਿਚ ਭਟਕ ਰਹਿਆ ਹੈ।

(੩) ਗੁਰੂ ਅਰਜਨ ਸਾਹਿਬ ਨੇ ਸੰਸਾਰ ਦੇ ਉਧਾਰ ਲਈ, ਭੁੱਖ ਦੀ ਤ੍ਰਿਪਤੀ ਲਈ ਇਕ ਬਹੁਮੁਲੇ ਖਾਣੇ ਦਾ 'ਥਾਲ' 'ਥਾਲ ਵਿਚਿ ਤਿੰਨਿ ਵਸਤੂ ਪਈਓ' ਪਰੋਸ ਕੇ ਸੰਸਾਰ ਦੇ ਸਾਹਮਣੇ ਰੱਖ ਦਿੱਤਾ ਹੈ। ਇਹ ਥਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਹ ਗ੍ਰੰਥ, ਸੰਸਾਰ ਦੀ ਭੁੱਖ ਦੂਰ ਕਰ ਸਕਦਾ ਹੈ, ਉਸ ਨੂੰ 'ਉਧਾਰ' ਦਾ ਰਸਤਾ ਦੱਸ ਕੇ।

(੪) ਮੇਰਾ ਵਿਸ਼ਵਾਸ ਹੈ (ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਜੇ ਕੋਈ ਪ੍ਰਾਣੀ ਇਸ ਥਾਲ ਵਿਚ ਪਰੋਸੀ ਵਸਤੂ ਨੂੰ ਖਾ ਜਾਏ ਅਤੇ ਪਚਾ ਜਾਏ, ਉਸ ਦਾ ਉਧਾਰ ਜ਼ਰੂਰ ਹੋਵੇਗਾ। ਉਹ ਉਚੀ ਤੋਂ ਉਚੀ ਅਵਸਥਾ ਤੀਕ ਅਵੱਸ਼ ਪੁਜੇਗਾ-ਜੇ ਕੋ ਖਾਵੈ ਜੇ ਕੋ ਭੁੰਚੇ ਤਿਸ ਕਾ ਹੋਇ ਉਧਾਰੋ। ਨਾਲ ਮੇਰਾ ਦਾਅਵਾ ਹੈ ਕਿ ਏਹ ਵਸਤੁ ਤਜੀ ਨਾ ਜਾਈ, ਭਾਵ, ਸੰਸਾਰ ਦਾ ਕਦੇ 'ਉਧਾਰ' ਨਹੀਂ ਹੋ ਸਕਦਾ ਜੇ ਉਹ ਇਸ ਮਹਾਨ ਥਾਲ ਵਿਚ ਪਰੋਸੀ ਵਸਤੂ ਨੂੰ ਖਾ ਕੇ ਪਚਾ ਨਹੀਂ ਲੈਂਦਾ। ਇਸ ਵਸਤੂ ਦਾ ਤਿਆਗ ਆਪਣੇ ਆਪ ਲਈ ਖ਼ਤਰਾ ਮੁੱਲ ਲਏ ਬਿਨਾ ਨਹੀਂ ਕਰ ਸਕਦਾ। ਇਹ ਵਸਤੂ ਐਸੀ ਹੈ ਕਿ ਸਦੀਵ ਕਾਲ ਇਸ ਨੂੰ ਅੰਗੀਕਾਰ ਕਰਨਾ ਪਵੇਗਾ ਅਤੇ ਹਿਰਦੇ ਵਿਚ ਇਸ ਨੂੰ ਰੱਖਣਾ ਪਏਗਾ - 'ਨਿਤ ਨਿਤ ਰਖੁ ਉਰਿ ਧਾਰੋ'। ਇਸ ਗ੍ਰੰਥ ਦੇ ਚਰਨੀ ਲਗਣ

***(ਬਾਕੀ ਪੰਨਾ 24 'ਤੇ)***

# ਭਗਤਾਂ ਦੀ ਬਾਣੀ ਕਿਵੇਂ ਰਚੀ ਗਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ

ਪਹਿਲਾ ਪ੍ਰਸ਼ਨ ਇਹ ਹੈ ਕਿ ਕੀ ਸਚਮੁਚ ਹੀ ਇਹ ਸਾਰੇ ਭਗਤ ਜਿਨ੍ਹਾਂ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਹੀ ਹੋਏ ਹਨ। ਇਸ ਸੰਬੰਧੀ ਇਕ ਨਵੀਨ ਖੋਜ ਅਨੁਸਾਰ ਇਹ ਦਰਸਾਇਆ ਗਿਆ ਹੈ ਕਿ ਇਹ ਸਾਰੇ ਭਗਤ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਹੋਰ ਕਿਸੇ ਪਾਵਨ ਗੁਰ ਵਿਅਕਤੀ ਦੇ ਸਮਕਾਲੀ ਸਨ ਤੇ ਉਨ੍ਹਾਂ ਨੇ ਗੁਰੂ ਸਾਹਿਬ ਪਾਸੋਂ ਸਤਿਨਾਮ ਦੀ ਪ੍ਰਾਪਤੀ ਕੀਤੀ ਸੀ। ਭਾਵ ਇਹ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣੇ ਸਨ। ਕਮਾਈਆਂ ਉਨ੍ਹਾਂ ਦੀਆਂ ਪਹਿਲਾਂ ਹੀ ਬਹੁਤ ਸਨ ਭਾਵੇਂ ਉਹ ਕਿਰਤਮ ਨਾਮਾਂ ਦੀਆਂ ਹੀ ਸਨ। ਪਰ ਉਨ੍ਹਾਂ ਕਮਾਈਆਂ ਸਦਕਾ ਉਨ੍ਹਾਂ ਦੇ ਹਿਰਦੇ ਨਿਰਮਲ ਹੋ ਚੁੱਕੇ ਸਨ। ਕੇਵਲ ਕਸਰ ਸਤਿਨਾਮ ਦੀ ਪ੍ਰਾਪਤੀ ਦੀ ਸੀ। ਇਸ ਦੇ ਮਿਲਦਿਆਂ ਹੀ ਉਨ੍ਹਾਂ ਦੇ ਕਪਾਟ ਖੁੱਲ੍ਹ ਗਏ। ਜੀਉਂਦੇ ਜੀ ਹੀ ਉਹ ਸੱਚ-ਖੰਡ ਵਾਸੀ ਬਣ ਗਏ। ਉਨ੍ਹਾਂ ਤੇ ਹੋਰ ਤਰੁੱਠ ਕੇ ਸਤਿਗੁਰੂ ਜੀ ਨੇ ਰਚਨਾ ਰਚਨ ਲਈ ਆਗਿਆ ਕੀਤੀ। ਜੋ ਰਚਨਾ ਇਸ ਤਰ੍ਹਾਂ ਸਤਿਗੁਰੂ ਜੀ ਦੀ ਨਦਰ ਤੇ ਮਿਹਰਾਮਤਿ ਸਦਕਾ ਰਚੀ ਗਈ, ਉਹ ਤੇ ਕੇਵਲ ਉਹ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਗਈ। ਕਿਉਂਕਿ ਹੁਣ ਉਹ ਬਾਣੀ ਪਾਰਬ੍ਰਹਮ ਰੂਪ ਸ੍ਰੀ ਗੁਰੂ ਨਾਨਕ ਜੀ ਦੀ ਮੇਹਰ ਸਦਕਾ ਰਚੀ ਗਈ ਸੀ ਇਸ ਲਈ ਇਹ ਧੁਰ ਕੀ ਬਾਣੀ ਸੀ। ਵੱਖੋ-ਵੱਖ ਭਗਤਾਂ ਸੰਬੰਧੀ ਇਹ ਖੋਜ ਸੰਖੇਪ ਰੂਪ ਵਿਚ ਇਸ ਪ੍ਰਕਾਰ ਹੈ :

੧) ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਇਕ ਕੀਮਤੀ ਸੂਚਨਾ ਪੰਜ ਵਾਰੀ ਇਸ ਤਰ੍ਹਾਂ ਲਿਖੀ ਹੈ –

***ਕਬੀਰ ਨਾਮਾ ਭਗਤ ਗੁਰੂ ਬਾਬੇ ਦੇ॥***

੨) ਭਗਤ ਸ੍ਰੀ ਰਾਮਾ ਨੰਦ ਜੀ ਦਾ ਮੇਲ ਗੁਰੂ ਨਾਨਕ ਜੀ ਨਾਲ ਹੋਇਆ। ਇਕ ਪੁਰਾਤਨ ਗ੍ਰੰਥ 'ਪ੍ਰਾਣ ਸੰਗਲੀ' ਅਨੁਸਾਰ ਸ੍ਰੀ ਰਾਮਾ ਨੰਦ ਜੀ ਦੇ ਵਾਕ ਹਨ –

***ਐਸੇ ਗੁਰੂ ਗਿਆਨ ਜੀਵਤ ਹੀ ਮੂਆ।***
***ਰਾਮਾਨੰਦ ਸੁਆਮੀ ਨਿਹਚਲ ਹੂਆ।***
***ਕ੍ਰਿਪਾ ਕਰਿ ਗੁਰ ਨਾਨਕ,***
***ਰਾਮਾ ਨੰਦ ਸ਼ਿਸ਼ਯ ਕੀਆ।***
***ਖੰਡ ਮੰਡਲ ਕਾ ਬੀਚਾਰ ਦੀਆ।***

੩) ਭਗਤ ਕਬੀਰ ਜੀ, ਰਵਿਦਾਸ ਜੀ, ਪੀਪਾ ਜੀ ਤੇ ਸੈਣ ਜੀ, ਇਹ ਸਾਰੇ ਭਗਤ ਰਾਮਾਨੰਦ ਜੀ ਦੇ ਚੇਲੇ ਸਨ। ਜਦ ਰਾਮਾਨੰਦ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸਤਿਨਾਮ ਲੈ ਕੇ ਬ੍ਰਹਮ ਅਨੰਦ ਵਿਚ ਮਗਨ ਹੋ ਗਏ ਤਾਂ ਉਨ੍ਹਾਂ ਦੇ ਚੇਲਿਆਂ ਤੇ ਵੀ ਇਸ ਦਾ ਪ੍ਰਭਾਵ ਪੈਣਾ ਕੁਦਰਤੀ ਹੀ ਸੀ। ਸੋ ਉਨ੍ਹਾਂ ਸਭਨਾਂ ਨੇ ਵੀ ਸਤਿਗੁਰੂ ਜੀ ਦੇ ਚਰਨ ਪਰਸ ਕੇ ਸਤਿਨਾਮ ਦੀ ਪ੍ਰਾਪਤੀ ਕੀਤੀ। ਖਾਸ ਕਰ ਭਗਤ ਕਬੀਰ ਰਚਿਤ ਬਾਵਨ ਅਖਰੀ ਦੇ ਹਰ ਪਦ ਦਾ ਮੁਢਲਾ ਅੱਖਰ, ਕੱਕਾ, ਖੱਖਾ, ਗੱਗਾ ਆਦਿ ਗੁਰਮੁਖੀ ਉਚਾਰਨ ਦੇ ਰੂਪ ਵਿਚ ਹੈ। ਸੋ ਸਪਸ਼ਟ ਹੈ ਕਿ ਗੁਰੂ ਨਾਨਕ ਪੱਧਤੀ ਦੀ ਮੂਲ ਵਸਤੂ ਗੁਰੂ ਨਾਨਕ ਜੀ ਤੋਂ ਹੀ ਕਬੀਰ ਜੀ ਨੂੰ ਮਿਲੀ।

੪) ਨਾਮ ਦੇਵ ਜੀ ਦੱਖਣ ਵਿਚ ਕੁਮਾਰ ਤੀਰਥ ਤੇ ਗੁਰੂ ਨਾਨਕ ਜੀ ਨੂੰ ਮਿਲੇ ਤੇ ਸਤਿਨਾਮ ਦੀ ਪ੍ਰਾਪਤੀ ਕੀਤੀ। ਉਸ ਤੋਂ ਪਿੱਛੋਂ ਉਹ ੨੦-੨੫ ਸਾਲ ਪੰਜਾਬ ਵਿਚ ਰਹੇ।

ਭਗਤ ਤ੍ਰਿਲੋਚਨ ਜੀ ਬਾਰੇ ਸਭ ਤੋਂ ਮਹੱਤਵ ਪੂਰਨ ਗਵਾਹੀ ਗੁਰੂ ਅਰਜਨ ਦੇਵ ਜੀ ਦਾ ਇਹ ਮਹਾਂਵਾਕ –

*ਤ੍ਰਿਲੋਚਨ ਗੁਰ ਮਿਲਿ ਭਈ ਸਿਧਿ॥ ਅੰਗ - ੧੧੯੨*

ਭਾਵ ਤ੍ਰਿਲੋਚਨ ਜੀ ਨੂੰ ਗੁਰੂ ਨਾਨਕ ਜੀ ਦੇ ਨਾਲ ਮੇਲ ਹੋਣ ਕਰਕੇ ਸਿੱਧੀ ਪ੍ਰਾਪਤ ਹੋਈ।

੬) ਜੈਦੇਵ ਜੀ ਤੇ ਨਾਮਦੇਵ ਜੀ ਸੰਬੰਧੀ ਗੁਰਬਾਣੀ ਦਾ ਫੁਰਮਾਨ ਹੈ -

*ਗੁਰਪਰਸਾਦੀ ਜੈਦੇਉ ਨਾਮਾਂ॥*
*ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ॥*

*ਅੰਗ - ੩੩●*

੭) ਭਗਤ ਬੇਣੀ ਜੀ ਸੰਬੰਧੀ ਗੁਰੂ ਅਰਜਨ ਦੇਵ ਜੀ ਦਾ ਮਹਾਂਵਾਕ ਹੈ -

*ਬੇਣੀ ਕਉ ਗੁਰਿ ਕੀਓ ਪ੍ਰਗਾਸੁ॥ ਅੰਗ - ੧੧੯੨*

ਭਾਵ : ਬੇਣੀ ਜੀ ਨੂੰ ਸੱਚੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੇਹਰ ਸਦਕਾ ਪਰਮ ਜੋਤਿ ਦਾ ਪ੍ਰਕਾਸ਼ ਹੋਇਆ। ਸੋ ਬੇਣੀ ਜੀ ਵੀ ਸ੍ਰੀ ਗੁਰੂ ਨਾਨਕ ਜੀ ਦੇ ਸਮਕਾਲੀ ਸਨ ਤੇ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਸਤਿਨਾਮ ਦੀ ਪ੍ਰਾਪਤੀ ਹੋਈ ਸੀ।

੮) ਭਗਤ ਪਰਮਾਨੰਦ ਜੀ ਤੇ ਭਗਤ ਸੂਰਦਾਸ ਜੀ ਅਕਬਰ ਦੇ ਸਮੇਂ ਹੋਏ ਹਨ ਜੋ ਮੀਰਾਂ ਤੋਂ ਦੂਜੇ ਆਮ ਪ੍ਰਸਿੱਧ ਸੂਰਦਾਸ ਵਾਂਗ ਕ੍ਰਿਸ਼ਨ ਭਗਤ ਨਹੀਂ ਸਨ। ਭਾਸਦਾ ਇੰਵ ਹੈ ਕਿ ਇਨ੍ਹਾਂ ਦੋਹਾਂ ਭਗਤਾਂ ਨੂੰ ਸਤਿਨਾਮ ਦੀ ਪ੍ਰਾਪਤੀ ਸ੍ਰੀ ਗੁਰੂ ਅਮਰਦਾਸ ਜੀ ਪਾਸੋਂ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਰਦਾਸ ਦੇ ਨਾਮ ਹੇਠ ਜੋ ਰਚਨਾ ਮਿਲਦੀ ਹੈ ਉਹ ਇਸੇ ਮਦਨ ਮੋਹਨ ਸੂਰਦਾਸ ਦੀ ਹੈ, ਕ੍ਰਿਸ਼ਨ ਭਗਤ ਤੇ ਆਮ ਪ੍ਰਸਿਧ ਨਾਮ ਸੂਰਦਾਸ ਦੀ ਨਹੀਂ।

੯) ਜਨਮ ਸਾਖੀ ਮੇਹਰਵਾਨ ਜੀ ਵਾਲੀ ਅਨੁਸਾਰ ਅਯੁਧਿਆ ਵਿਚ ਜੋ ਭਗਤ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਸਨ ਉਨ੍ਹਾਂ ਵਿਚ ਸਧਨਾ ਜੀ ਤੇ ਧੰਨਾ ਜੀ ਵੀ ਸਨ। ਸੋ ਇਹ ਭਗਤ ਵੀ ਗੁਰੂ ਵਰੋਸਾਏ ਹੋਏ ਸਨ।

੧੦) ਭਗਤ ਭੀਖਨ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਇਹ ਤੁਕ -

*ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ॥*
*ਅੰਗ - ੬੫੯*

ਸਪਸ਼ਟ ਕਰਦੀ ਹੈ ਕਿ ਭੀਖਨ ਜੀ ਨੂੰ ਵੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਨਾਲ ਹੀ ਮੋਖ ਦੁਆਰ ਦੀ ਪ੍ਰਾਪਤੀ ਹੋਈ ਹੈ।

੧੧) ਸ਼ੇਖ ਫਰੀਦ ਦੇ ਨਾਮ ਹੇਠ ਦਰਜ ਬਾਣੀ ਪਾਕਪਟਨ ਦੇ ਪ੍ਰਸਿਧ ਸ਼ਕਰ ਗੰਜ ਬਦਰੁਦੀਨ ਦੀ ਗੱਦੀ ਉਤੇ ਬੈਠੇ ਅਤੇ ਕਰਣੀ ਵਿਚ ਪਹਿਲੇ ਫਰੀਦ ਜਿਹੇ ਹੀ ਮੰਨੇ ਜਾਣ ਵਾਲੇ ਸ਼ੇਖ ਇਬਰਾਹੀਮ (ਫਰੀਦ ਸਾਨੀ) ਦੀ ਹੈ। ਸ਼ੇਖ ਇਬਰਾਹੀਮ ਨਾਲ ਜਨਮ ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦੋ ਵਾਰੀ ਮੇਲ ਹੋਇਆ। ਸਤਿਨਾਮ ਦੀ ਪ੍ਰਾਪਤੀ ਕਰਕੇ ਇਸਲਾਮੀ ਵਿਸ਼ਵਾਸ਼ਾਂ ਤੋਂ ਉੱਪਰ ਉੱਠ ਕੇ ਇਕ ਅਕਾਲ ਪੁਰਖ ਦੀ ਅਰਾਧਨਾ ਕੀਤੀ। ਉਨ੍ਹਾਂ ਦੀ ਬਾਣੀ ਇਸ ਲਈ ਇਸਲਾਮੀ ਸ਼ਰ੍ਹਾ ਦੀ ਕਸਵੱਟੀ ਤੇ ਪੂਰੀ ਨਾ ਉਤਰਨ ਕਰਕੇ ਗੰਜ ਗੱਦੀ ਦੇ ਅਧਿਕਾਰੀ ਵੀ ਇਸ ਬਾਣੀ ਨੂੰ ਪਹਿਲੇ ਫਰੀਦ ਦੀ ਰਚਨਾ ਨਹੀਂ ਮੰਨਦੇ। ਅਸਲ ਵਿਚ ਪਹਿਲੇ ਸ਼ੇਖ ਬਦਰੁੱਦੀਨ ਫਰੀਦ ਨੇ ਕੋਈ ਰਚਨਾ ਰਚੀ ਹੀ ਨਹੀਂ।

ਸੋ ਇਹ ਹੈ ਸੰਖੇਪ ਇਕ ਪੱਖ ਦਾ। ਇਸ ਅਨੁਸਾਰ ਇਹ ਸਿੱਟਾ ਕਢਿਆ ਗਿਆ ਹੈ ਕਿ ਜਿਨ੍ਹਾਂ ਭਗਤਾਂ ਦੀਆਂ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ ਉਹ ਸਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਉਨ੍ਹਾਂ ਦੇ ਕਿਸੇ ਹੋਰ ਸਰੂਪ ਦੇ ਸਮੇਂ ਹੋਏ ਹਨ ਤੇ ਉਨ੍ਹਾਂ ਗੁਰੂ ਘਰ ਵਿਚੋਂ ਸਤਿਨਾਮ ਦੀ ਪ੍ਰਾਪਤੀ ਉਪ੍ਰੰਤ ਅਤੁੱਟ ਘਾਲ ਕਮਾਈ ਕੀਤੀ ਤੇ ਗੁਰੂ ਨਾਨਕ ਜੀ ਦੀ ਮਿਹਰਾਮਤ ਸਦਕਾ ਧੁਰ ਕੀ ਬਾਣੀ ਉਚਾਰਨ ਯੋਗ ਹੋ ਗਏ।

ਨੋਟ : ਇਹ ਸਭ ਉਪਰ ਲਿਖੇ ਵਿਚਾਰ ਗਿ: ਗੁਰਦਿੱਤ ਸਿੰਘ ਜੀ ਰਚਿਤ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ) ਦੇ ਅਧਾਰ ਤੇ ਲਿਖੇ ਗਏ ਹਨ।

**ਪੁਰਾਤਨ ਇਤਿਹਾਸਕਾਰਾਂ ਦੇ ਵਿਚਾਰ** : ਪੁਰਾਤਨ ਇਤਿਹਾਸਿਕ ਗ੍ਰੰਥਾਂ ਅਨੁਸਾਰ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਸੰਪਾਦਨ ਕਰ ਰਹੇ ਸਨ ਤਾਂ ਉਦੋਂ ਹੀ ਇਹ ਸਾਰੇ ਭਗਤ ਆਪਣੇ ਸੂਖਸ਼ਮ ਸਰੀਰਾਂ ਵਿਚ ਗੁਰੂ ਸਾਹਿਬ ਪਾਸ ਆਏ ਤੇ ਸਤਿਨਾਮ ਦੀ ਪ੍ਰਾਪਤੀ ਕਰਕੇ ਸੱਚਖੰਡ ਵਾਸੀ ਬਣੇ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮੇਹਰ ਸਦਕਾ ਉਨ੍ਹਾਂ ਨੇ ਬਾਣੀ ਰਚੀ ਤੇ ਭਾਈ ਗੁਰਦਾਸ ਜੀ ਨੇ ਲਿਖੀ। ਪੰਥ ਪ੍ਰਸਿਧ ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਲਿਖਤ ਸ੍ਰੀ ਗੁਰ ਪ੍ਰਤਾਪ ਸਰਜ ਗ੍ਰੰਥ (ਸੰਪਾਦਕ: ਭਾਈ ਸਾਹਿਬ ਭਾਈ ਵੀਰ ਸਿੰਘ ਜੀ) ਵਿਚ ਇਸ ਸੰਬੰਧੀ ਇਸ ਤਰ੍ਹਾਂ ਦਰਜ ਹੈ:

*ਜਨੰ ਸਤਿ ਨਾਮੰ ਕ੍ਰਿਪਾਨਾਨਿ ਦੀਨੰ।*
*ਦੋਊ ਲੋਕ ਕੋ ਤ੍ਰਾਸ ਕੀਨੰ ਸੁ ਹੀਨੰ।*

*ਲਖੈ ਨਾਂਹਿ ਤਾਕੋ ਭ੍ਰਮੰਧਾਰਿ ਮੁਢਾ॥*
*ਮਹਾਂ ਸੂਖਮੰ ਰੂਪ ਗੁਢਾਨ ਗੁਢਾ॥*
*ਸਦਾ ਜੈ, ਸਦਾ ਜੈ ਸਦਾ ਜੈ, ਅਨੰਦੋ।*
*ਨਮਸਤੰ, ਨਮਸਤੰ, ਨਮਸਤੰ, ਬਿਲੰਦੋ।*
*ਸੁਧਾ ਬਾਕ ਬਕਤ੍ਰੰ ਸੁ ਚੰਦੈ ਮਨਿੰਦੋ।*
*ਰਿਦੈ ਨਾਮ ਬਾਸੈ ਬਰੰ ਦੈ ਗੁਬਿੰਦੋ।*    *ਅੰਗ - ੨੦੮੭*

ਭਾਵ ਭਗਤਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਸਤਿਨਾਮ ਦੇ ਦਾਤੇ ਹੋ, ਸੋ ਸਾਨੂੰ ਭੀ ਨਾਮ ਦਾ ਵਰ ਬਖਸ਼ੋ। ਫਿਰ ਭਗਤਾਂ ਦੇ ਇਹ ਬੇਨਤੀ ਕਰਨ ਤੋਂ ਕਿ ਉਨ੍ਹਾਂ ਦੀ ਰਚਨਾ ਵੀ ਨਵੇਂ ਤਿਆਰ ਹੋ ਰਹੇ ਗ੍ਰੰਥ ਸਾਹਿਬ ਵਿਚ ਚੜ੍ਹਾਈ ਜਾਏ, ਸ੍ਰੀ ਗੁਰੂ ਜੀ ਨੇ ਇੰਞ ਫੁਰਮਾਇਆ:

*ਸ੍ਰੀ ਅਰਜਨ ਸੁਨਿ ਭਗਤਨ ਬਿਨਤੀ।*
*ਹੇਤੁ ਲਿਖਾਵਨਿ ਕੀਨਸਿ ਗਿਨਤੀ।*
*ਸਭਿਹਿਨ ਸੋਂ ਸ੍ਰੀ ਗੁਰ ਫੁਰਮਾਇਯੋ।*
*ਪ੍ਰਥਮ ਜੁ ਤੁਮ ਨੇ ਕਛੂ ਬਨਾਯੋ॥੫੨॥*
*ਸੋ ਨ ਚਢਾਵਹਿ ਗ੍ਰੰਥ ਮਝਾਰੀ।*
*ਰਚਹੁ ਅਬਹਿ ਇਸਕੇ ਅਨੁਸਾਰੀ।*
*ਜਥਾ ਕ੍ਰਮ ਬਾਨੀ ਸੁ ਬਨਾਓ।*
*ਪ੍ਰਥਕ ਪ੍ਰਥਕ ਬਿਚ ਰਾਗ ਲਿਖਾਓ।*
*ਸੁਨਿ ਹਰਖੇ ਸਭਿ ਭਗਤ ਬਿਸਾਲਾ।*
*ਧੰਨ ਧੰਨ ਉਚਰਹਿ ਤਿਸ ਕਾਲਾ।*
*ਲਗੇ ਬਨਾਵਨਿ ਗਿਰਾ ਨਵੀਨ।*
*ਬੈਠ ਸਮੀਪੀ ਗੁਰੂ ਪ੍ਰਬੀਨ।*    *ਅੰਗ - ੨੦੮੮*

ਇਸ ਲਿਖਤ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤਾਂ ਨੂੰ ਸਪਸ਼ਟ ਫੁਰਮਾਇਆ ਕਿ ਤੁਹਾਡੀ ਪਹਿਲੀ ਰਚੀ ਹੋਈ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚਾੜ੍ਹੀ ਜਾ ਸਕਦੀ, ਸੋ ਤੁਸੀਂ ਹੁਣ ਵਾਰੀ ਵਾਰੀ ਆਪਣੀ ਰਚਨਾ ਰਚੋ। ਇਸ ਸੰਬੰਧੀ ਭਾਈ ਵੀਰ ਸਿੰਘ ਜੀ ਨੇ ਆਪਨੇ ਫੁਟ ਨੋਟ ਵਿਚ ਇਸ ਤਰ੍ਹਾਂ ਲਿਖਿਆ ਹੈ :

ਭਗਤਾਂ ਦਾ ਇਹ ਪ੍ਰਸੰਗ ਕਿ ਉਹ ਆਪ - ਸਤਿਗੁਰਾਂ ਦੇ ਪਾਸ ਆਏ, ਅਨਹੋਣੀ ਬਾਤ ਨਹੀਂ। ਧਰਮ ਦੀ ਨੀਂਹ, ਨਾ ਦਿਸਣ ਵਾਲੇ ਜਗਤ' ਪਰ ਵਿਸ਼ਵਾਸ਼ ਤੇ ਇਸ ਅਮੰਨੇ ਪਰ ਹੈ ਕਿ ਮਰਣ ਦੇ ਬਾਦ ਪ੍ਰਾਣੀ ਦੀ ਜੀਵ ਕਲਾ ਦੀ ਮ੍ਰਿਤੂ ਨਹੀਂ ਹੋ ਜਾਂਦੀ, ਸਰੀਰ ਦੇ ਮਰ ਜਾਣ ਬਾਦ ਰੂਹ ਜਾਂ ਭੌਰ ਜਾਂ ਜੀਉ ਜੀਉਂਦਾ ਹੈ। ਆਤਮਕ ਅਰੂੜ੍ਹ ਅਵਸਥਾ ਦੇ ਲੋਕ ਆਪਣੇ ਮਨ ਦੀ ਉੱਚਤਾਈ ਵਿਚ, ਨਾਂ ਦਿੱਸਣ ਵਾਲੇ ਜਗਤ ਦੇ ਲੋਕਾਂ ਨਾਲ ਸੰਬੰਧ, ਮੇਲ ਜੋਲ ਰੱਖਦੇ ਹਨ।

ਇਸੇ ਪੱਖ ਦੀ ਪ੍ਰੋੜ੍ਹਤਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਸ ਤਰ੍ਹਾਂ ਕਰਦੇ ਹਨ:

ਸੋ ਗੁਰੂ ਕੀ ਬਾਣੀ ਹੀ ਸਚੀ ਬਾਣੀ, ਬਾਣੀਆਂ ਸਿਰ ਬਾਣੀ ਹੈ ਤੇ ਬਾਕੀ ਹੋਰ ਚਾਹੇ ਕਿਸੇ ਭਗਤ ਦੀ ਉਚਾਰਨ ਕੀਤੀ ਹੋਈ ਹੈ, ਚਾਹੇ ਕਿਸੇ ਬ੍ਰਹਮ ਬੇਤੇ ਗਿਆਨ-ਅਵਤਾਰੀ ਦੀ ਹੈ, ਉਹ ਸਭ 'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ਦੇ ਮਹਾਵਾਕ ਅਨੁਸਾਰ ਕੱਚੀ ਬਾਣੀ ਹੀ ਹੈ। ਕੱਚੀ ਬਾਣੀ ਸਮਝ ਕੇ ਹੀ ਕਾਹਨੇ ਆਦਿ ਭਗਤਾਂ ਦੀਆਂ ਉਚਾਰਨ ਕੀਤੀਆਂ ਬਾਣੀਆਂ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹਾਈਆਂ ਗਈਆਂ। ਉਹ ਆਪਣੇ ਜਾਣੇ ਇਹ ਸਮਝ ਕੇ ਆਏ ਸਨ ਕਿ ਗੁਰੂ ਸਾਹਿਬ ਨੇ ਭਗਤਾਂ ਦੀ ਭਗਤ-ਭੂਤਕੀ-ਜਾਮੇ ਵਿਚ ਜਨਮ ਧਾਰ ਕੇ ਉਚਾਰੀ ਹੋਈ ਬਾਣੀ ਹੀ ਗੁਰ ਗ੍ਰੰਥ ਸਾਹਿਬ ਵਿਚ ਚੜ੍ਹਾਈ ਹੈ। ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਗੁਰੂ ਸਾਹਿਬ ਨੇ ਗੁਰੂ-ਅਕਾਲ-ਕਲਾ-ਕ੍ਰਿਸ਼ਮੀ-ਤੇਜ-ਪ੍ਰਤਾਪ ਉਦੋਤ ਕਰਿ, ਹੁਕਮ ਧੁਰੰਧਰੀ ਕਲਾ ਵਰਤਾ ਕੇ ਦਿੱਵਯ ਜੋਤੀ ਭਗਤਾਂ ਦੀਆਂ ਰੂਹਾਂ ਨੂੰ ਉਨ੍ਹਾਂ ਦੀ ਹੁਬ ਅਨੁਸਾਰ ਕਰਮ ਖੰਡ ਵਿਚੋਂ ਉਤਰਵਾਇ ਕੇ, ਸ਼ਬਦ-ਗੁਰ-ਸੱਤਾ ਦੇ ਕੇ, ਪਰਤੱਖ ਸਾਕਾਰੀ ਦਿੱਵਯ ਸਰੂਪ ਵਿਚ ਸਾਵਧਾਨ ਕੀਤਾ, ਅਤੇ ਕਰਮ ਖੰਡ ਤੋਂ ਸਚਖੰਡ ਦੇ ਵਾਸੀ ਕਰਾ ਨਿਰੰਕਾਰੀ ਸਮੀਪਤਾ ਦਾ ਭਾਗੀ ਬਣਾਇਆ ਅਤੇ ਨਿਰੰਕਾਰੀ ਹੁਕਮ ਅੰਦਰ ਗੁਰ-ਪਾਰਸ-ਕ੍ਰਿਸ਼ਮੀ-ਪ੍ਰਭਾਵ ਕਰ 'ਬੋਲਾਇਆ ਬੋਲੀ ਤੇਰਾ' ਗੁਰਵਾਕ ਦੇ ਭਾਵ ਅਨੁਸਾਰ ਬੋਲਣ ਦਾ ਅਧਿਕਾਰੀ ਬਣਾਇਆ।

ਹਾਂ ਜੀ! ਇਉਂ ਧੁਰ ਖਸਮ ਰਜ਼ਾ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਤੇ ਸ਼ਸ਼ੋਭਤ ਹੋਈ ਭਗਤ਼ ਬਾਣੀ ਆਈ। ਲਿਖਤ ਉਤਾਰਿਆਂ ਕਰਿ ਦਰਜ ਨਹੀਂ ਹੋਈ। ਹੁਕਮ ਏਜ਼ਦੀ ਗੁਰ-ਨਦਰ-ਕਟਾਕਸ਼ੀ-ਭਾਣਿਆ ਅੰਦਰ ਹੀ ਧੁਰੋਂ ਉਤਰੀ।'    *(ਗੁਰਮਿਤ ਲੇਖ - ਪੰਨਾ ੩-੫੪)*

ਇਸ ਦੇ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਤੇ ਨਾਂ ਕਿਸੇ ਸ਼ੰਕੇ ਦੀ ਗੁੰਜਾਇਸ਼ ਹੈ ਕਿ ਇਹ ਸਭ ਰਚਨਾਵਾਂ ਧਰ ਕੀ ਬਾਣੀ ਤਾਂ ਹਨ ਹੀ ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਦ ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਰਕੇ ਸਾਰੇ ਸਮੂਹ ਗ੍ਰੰਥ ਨੂੰ 'ਪਰਮੇਸਰ ਕਾ ਥਾਨ' ਦੀ ਪਾਵਨ ਅੱਟਲ ਪਦਵੀ ਦਿੱਤੀ ਹੈ ਤੇ ਇਸ ਤੇ ਪੱਕੀ ਮੋਹਰ ਲਾ ਦਿੱਤੀ ਹੈ। ਇਸ ਸੰਬੰਧੀ ਇਕ ਹੋਰ ਵੀ ਸੰਕੇਤ ਗੁਰਬਾਣੀ ਵਿਚ ਮਿਲਦਾ ਹੈ -

*ਨਾਮਾ ਛੀਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ॥*
*ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥*

*ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥*
*ਅੰਗ - ੬੭*

ਭਾਵ: ਨਾਮਾ, ਕਬੀਰ (ਆਦਿ ਸੰਮੂਹ ਭਗਤਾਂ) ਨੇ (ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਪੂਰੇ ਗੁਰੂ 'ਨਾਨਕ ਗੁਰੂ ਗੁਰੂ ਹੈ ਪੂਰਾ' ਤੋਂ ਬਖਸ਼ਿਸ਼ ਲੈਕੇ ਪਰਮਗਤੀ ਪ੍ਰਾਪਤ ਕੀਤੀ। ਉਨ੍ਹਾਂ ਨੇ ਸਤਨਾਮ ਰੂਪੀ ਸ਼ਬਦ ਨੂੰ ਜਾਣ ਕੇ ਹਉਮੈ ਦਾ ਨਾਸ਼ ਕੀਤਾ ਤੇ ਬ੍ਰਹਮ ਅਕਾਲ ਪੁਰਖ ਨੂੰ ਜਾਨਿਆ। ਹੁਣ ਸਭ ਮਨੁਖ ਤੇ ਦੇਵਤੇ ਇਨ੍ਹਾਂ ਦੀ ਬਾਣੀ ਨੂੰ ਗਾ ਰਹੇ ਹਨ ਤੇ ਇਸ ਨੂੰ ਕੋਈ ਮੇਟ ਨਹੀਂ ਸਕਦਾ।

ਇਸ ਸੰਬੰਧੀ ਇਕ ਹੋਰ ਗੱਲ ਵੀ ਵਿਚਾਰਯੋਗ ਹੈ ਅਤੇ ਪੰਥ ਪ੍ਰਸਿਧ ਸੰਮੂਹ ਵਿਦਵਾਨ ਇਸ ਗੱਲ ਤੇ ਸਹਿਮਤ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਮੂਹ ਬਾਣੀ, ਸਮੇਤ ਭਗਤਾਂ, ਭੱਟਾਂ ਆਦਿ ਦੀਆਂ ਰਚਨਾਵਾਂ ਦੇ, ਇਕ ਵਿਲੱਖਣ ਵਿਆਕਰਣ ਅਨੁਸਾਰ ਲਿਖੀ ਗਈ ਹੈ। ਲਗਾ ਮਾਤ੍ਰਾਂ ਦੇ ਥੋੜੇ ਜਿਹੇ ਅੰਤਰ ਨਾਲ ਉਸ ਅੱਖਰ ਜਾਂ ਸ਼ਬਦ ਦਾ ਅਰਥ-ਭਾਵ ਹੀ ਬਦਲ ਜਾਂਦਾ ਹੈ। ਇਸ ਲਈ ਇਸ ਨੁਕਤੇ ਤੋਂ ਵੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਮੂਹ ਬਾਣੀ ਨਵੀਨ ਤੇ ਵਿਲੱਖਣ ਗੁਰਬਾਣੀ ਵਿਆਕਰਣ ਦੇ ਅਧਾਰ ਤੇ ਲਿਖੀ ਗਈ ਹੈ ਤੇ ਇਸ ਵਿਆਕਰਣ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਸਨ। ਸੋ ਜੇ ਕਰ ਭਗਤ ਬਾਣੀ ਦੀ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੀ ਰਚੀ ਹੋਈ ਹੁੰਦੀ ਤਾਂ ਉਹ ਇਸ ਵਿਆਕਰਣ ਦੇ ਅਸੂਲਾਂ ਅਨੁਸਾਰ ਨਹੀਂ ਸੀ ਰਚੀ ਜਾ ਸਕਦੀ। ਅਤੇ ਜੇਕਰ ਭਗਤ ਜਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਵੀ ਹੋਣ ਤਾਂ ਵੀ ਗੁਰੂ ਨਾਨਕ ਦੇਵ ਜੀ ਨਾਲ ਸੰਪਰਕ ਹੋਏ ਬਿਨਾ ਉਹ ਆਪਣੀ ਰਚਨਾ ਗੁਰਮਤਿ ਵਿਆਕਰਣ ਅਨੁਸਾਰ ਨਹੀਂ ਸੀ ਰਚ ਸਕਦੇ।

ਉਪਰ ਲਿਖੀ ਸਾਰੀ ਵਿਚਾਰ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਭਗਤ ਬਾਣੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੇਹਰ ਸਦਕਾ ਭਗਤਾਂ ਨੇ ਉਚਾਰੀ। ਜਾਂ ਤਾਂ ਉਹ ਭਗਤ ਜਨ ਸਤਿਗੁਰੂ ਸੱਚੇ ਪਾਤਸ਼ਾਹ ਦੇ ਸਮਕਾਲੀ ਸਨ ਤੇ ਉਨ੍ਹਾਂ ਨੇ ਆਪਣੇ ਇਸ ਧਰਤੀ ਦੇ ਜੀਵਨ ਕਾਲ ਵਿਚ ਹੀ ਸਤਿਗੁਰੂ ਪਾਸੋਂ ਅਸੀਸ ਪ੍ਰਾਪਤ ਕਰਕੇ ਲਿਖੀ, ਜਾਂ ਉਨ੍ਹਾਂ ਨੇ ਆਪਣੇ ਸੂਖਸ਼ਮ ਸਰੀਰਾਂ ਵਿਚ ਆ ਕੇ ਸਤਿਗੁਰੂ ਜੀ ਦੀ ਮਿਹਰਾਮਤ ਪ੍ਰਾਪਤ ਕਰਕੇ ਰਚੀ!

**ਭਗਤ ਬਾਣੀ ਸੰਬੰਧੀ ਇਕ ਹੋਰ ਸ਼ੰਕਾ** - ਭਗਤ ਬਾਣੀ ਦੇ ਸਤਿਗੁਰੂ ਮਿਹਰਾਮਤ ਸਦਕਾ ਰਚੇ ਜਾਣ ਸੰਬੰਧੀ ਕੁਝ ਰਚੇ ਜਾਣ ਸੰਬੰਧੀ ਕੁਝ ਕੁ ਵਿਦਵਾਨਾਂ ਨੇ ਇਕ ਇਹ ਸ਼ੰਕਾ ਪ੍ਰਗਟ ਕੀਤਾ ਹੈ ਕਿ ਜੇਕਰ ਸੱਚਮੁੱਚ ਹੀ ਇਹ ਗੱਲ ਠੀਕ ਹੈ ਤਾਂ ਭਗਤਾਂ ਦੀ ਬਾਣੀ ਵਿਚ ਕਈ ਥਾਂਵਾ ਤੇ ਵਾਕ, ਗੁਰੂ ਆਸ਼ੇ ਦੇ ਉਲਟ ਹਨ ਤੇ ਉਨਾਂ ਸੰਬੰਧੀ ਗੁਰਮਤਿ ਆਸ਼ਾ ਪ੍ਰਗਟ ਕਰਨ ਲਈ ਗੁਰੂ ਸਾਹਿਬ ਨੇ ਆਪਣੇ ਵਲੋਂ ਸਲੋਕ ਰਚ ਕੇ ਨਾਲ ਹੀ ਲਿਖ ਦਿੱਤੇ ਹਨ। ਪੰਥ ਪ੍ਰਸਿਧ ਟੀਕਾਕਾਰ ਪ੍ਰੋਫੈਸਰ ਸਾਹਿਬ ਜੀ ਦੇ ਵਿਚਾਰ ਇਸ ਸ਼ੰਕੇ ਦੀ ਨਵਿਰਤੀ ਇਸ ਤਰ੍ਹਾਂ ਕਰਦੇ ਹਨ -

ਜਿਸ ਬੀੜ ਨੂੰ ਅਸੀਂ ਗੁਰੂ ਗ੍ਰੰਥ ਸਾਹਿਬ ਆਖਦੇ ਹਾਂ ਤੇ ਗੁਰੂ ਵਾਂਗ ਸਨਮਾਨਦੇ ਹਾਂ, ਉਸ ਦਾ ਹਰੇਕ ਸ਼ਬਦ ਗੁਰੂ ਰੂਪ ਹੈ। ਜੇ ਅਸੀਂ ਕਿਸੇ ਭੱਟ ਜਾਂ ਭਗਤ ਦਾ ਕੋਈ ਸ਼ਬਦ ਗੁਰੂ ਆਸ਼ੇ ਦੇ ਉਲਟ ਸਮਝਦੇ ਹਾਂ, ਤਾਂ ਉਹ ਬੀੜ ਜਿਸ ਵਿਚ ਗੁਰੂ-ਆਸ਼ੇ ਤੋਂ ਉਲਟ ਵਖਰੇ ਭਾਵ ਵਾਲੇ ਵਾਕ ਦਰਜ ਹਨ, ਸਮੁੱਚੇ ਤੌਰ ਤੇ ਗੁਰੂ ਦਾ ਦਰਜਾ ਨਹੀਂ ਰੱਖ ਸਕਦੀ। ਇਹ ਇਕ ਹਾਸੋ ਹੀਣਾ ਨਿਸ਼ਚਾ ਹੈ ਕਿ ਭਗਤਾਂ ਦੇ ਕਈ ਸ਼ਬਦਾਂ ਨੂੰ ਅਸੀਂ ਗੁਰਮਤਿ ਅਨੁਸਾਰ ਮੰਨੀਏ ਤੇ ਕਈ ਸ਼ਬਦਾਂ ਨੂੰ ਗੁਰੂ ਆਸ਼ੇ ਦੇ ਵਿੱਰੁਧ। ਗੁਰੂ ਅਰਜਨ ਸਾਹਿਬ ਨੇ ਸਾਰੀ ਬੀੜ ਵਿਚ ਇਹ ਗਲ ਕਿਤੇ ਭੀ ਨਹੀਂ ਲਿਖੀ ਕਿ ਫਲਾਣੇ ਸ਼ਬਦ ਗੁਰਮਤਿ ਅਨੁਸਾਰ ਨਹੀਂ ਹਨ। ਸਿਖ ਨੂੰ ਇਹ ਸ਼ਰਧਾ ਬਨਾਣੀ ਚਾਹੀਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਅੰਗ ਵਿਚ ਉਣਤਾਈ ਨਹੀਂ ਹੈ। (ਗੁਰੂ ਗ੍ਰੰਥ ਸਾਹਿਬ ਦਰਪਨ, ਪੋਥੀ ੧੦, ਪੰ. ੨੮੯) ਅਗੇ ਜਾ ਕੇ ਪ੍ਰੋਫੈਸਰ ਸਾਹਿਬ ਲਿਖਦੇ ਹਨ -

ਜਿੱਥੇ ਕਿਤੇ ਫਰੀਦ ਜੀ ਨੇ ਕੋਈ ਖਿਆਲ ਇਸ਼ਾਰੇ ਮਾਤਰ ਦਸਿਆ ਹੈ ਤੇ ਭੁਲੇਖਾ ਪੈਣ ਦੀ ਸੰਭਾਵਨਾ ਪੈਦਾ ਹੋ ਸਕਦੀ ਹੋਵੇ, ਸਤਿਗੁਰੂ ਜੀ ਨੇ ਉਸ ਨੂੰ ਵਧੀਕ ਖੋਲ੍ਹ ਦਿੱਤਾ ਹੈ। (ਗੁਰੂ ਗ੍ਰੰਥ ਸਾਹਿਬ ਦਰਪਨ, ਪੰਥੀ ੧੦, ਪੰ. ੨੯੦)

ਬੱਸ ਹੁਣ ਵੀਚਾਰ ਵਾਲੀ ਗਲ ਕੇਵਲ ਏਨੀ ਹੀ ਹੈ ਕਿ ਭਗਤ ਬਾਣੀ ਦੇ ਰਚਨ ਸੰਬੰਧੀ ਉੱਪਰਲੀਆਂ ਵੀਚਾਰਾਂ ਵਿੱਚੋਂ ਗੁਰਮਤਿ ਕਸਵੱਟੀ ਅਨੁਸਾਰ ਕੇਹੜੀ ਵਿਚਾਰ ਜਿਆਦਾ ਭਰੋਸੇ ਤੇ ਮੰਨਣ ਯੋਗ ਹੈ। ਇਸ ਸੰਬੰਧੀ ਨਾਮ ਰਸੀਏ ਬੁੱਧੀ ਜੀਵਾਂ ਦਾ ਸਿਰ ਜੋੜ ਕੇ ਵਿਚਾਰ ਵਟਾਂਦਰਾ ਕਰਨ ਉਪ੍ਰੰਤ ਹੀ ਕੋਈ ਸਿੱਟਾ ਨਿਕਲ ਸਕਦਾ ਹੈ।

ਜੇ ਕਰ ਇਨ੍ਹਾਂ ਦੋਹਾਂ ਵਿਚਾਰਾਂ ਦੇ ਉਲਟ ਪਹਿਲੀ ਪ੍ਰਚਲਤ ਵੀਚਾਰ ਨੂੰ ਹੀ ਸਵੀਕਾਰ ਕੀਤਾ ਜਾਵੇ ਤਾਂ ਭਗਤ ਬਾਣੀ ਸੰਬੰਧੀ ਸ਼ੰਕੇ ਉਪਜਣੇ ਕੁਦਰਤੀ ਹਨ। ਨਾਲ ਹੀ ਇਸ

ਤਰ੍ਹਾਂ ਅਸੀਂ ਸ੍ਰੀ ਗੁਰੂ ਨਾਨਕ ਦਵ ਜੀ ਦੀ ਪਦਵੀ ਨੂੰ ਯੂਨੀਵਰਸਿਟੀ ਦੇ ਰੀਸਰਚ ਪ੍ਰੋਫ਼ੈਸਰ ਦੇ ਪੱਧਰ ਲਿਆ ਕੇ ਖੜਾ ਕਰ ਦੇਂਦੇ ਹਾਂ ਕਿ ਉਹ ਥਾਂ ਥਾਂ ਤੇ ਖੋਜ ਕਰਕੇ ਭਗਤ ਬਾਣੀ ਚੁਣ ਚੁਣ ਕੇ ਲਿਖ ਕੇ ਲਿਆਂਦੇ ਰਹੇ। ਹੋਰ ਪਾਵਨ ਵਿਅਕਤੀਆਂ ਦੀ ਬਾਣੀ ਸੰਬੰਧੀ ਵਿਚਾਰ ਗੁਰੂ ਸਾਹਿਬਾਨ ਤੇ ਭਗਤਾਂ ਤੋਂ ਉਪ੍ਰੰਤ ਹੋਰ ਜਿਨ੍ਹਾਂ ਨੂੰ ਪਾਵਨ ਵਿਅਕਤੀਆਂ ਦਾ ਕੀਰਤਨ ਤੇ ਨਾਮ ਸੰਬੰਧਤ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਇਹ ਹਨ -

੧) ਭਾਈ ਮਰਦਾਨਾ ਜੀ
੨) ਭਾਈ ਸੱਤਾ ਤੇ ਬਲਵੰਡ ਜੀ
੩) ਭਾਈ ਸੁੰਦਰ ਜੀ
੪) ਭਾਈ ਕੱਲ ਆਦਿ ਭੱਟ।

ਭਾਈ ਮਰਦਾਨਾ ਜੀ ਦੇ ਨਾਮ ਨਾਲ ਸੰਬੰਧਤ ਤਿੰਨ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਨ੍ਹਾਂ ਸੰਬੰਧੀ ਜੋ ਵੀਚਾਰ ਪੁਸਤਕ 'ਬਾਣੀ ਬਿਉਰਾ' ਰਚਿਤ ਭਾ: ਜੋਗਿੰਦਰ ਸਿੰਘ ਜੀ ਤਲਵਾੜਾ, ਵਿਚ ਦਿੱਤੀ ਹੈ ਉਹ ਇਸ ਪਰਕਾਰ ਹੈ -

ਕਈ ਵਿਦਵਾਨਾ ਨੇ ਭਗਤਾਂ ਦੀ ਗਿਣਤੀ ਵਿਚ ਭਾਈ ਮਰਦਾਨਾ ਜੀ ਨੂੰ ਅਜਿਹਾ ਕੀਤਾ ਜਾਣਾ ਵੀ ਸ਼ਾਮਲ ਕੀਤਾ ਹੈ, ਪਰ ਗੁਰਮਤਿ ਦੀ ਕਸਵੱਟੀ ਤੇ ਇਹ ਪੂਰਾ ਨਹੀਂ ਉਤਰਦਾ। ਬਿਹਾਗੜੇ ਰਾਗ ਦੀ ਵਾਰ ਵਿਚ 'ਮਰਦਾਨਾ' ਸਿਰਲੇਖ ਹੇਠ ਅੰਕਿਤ ਜਿਨ੍ਹਾਂ ਸਲੋਕਾਂ ਦੇ ਅਧਾਰ ਤੇ ਅਜਿਹਾ ਕੀਤਾ ਗਿਆ ਹੈ ਉਨ੍ਹਾਂ ਦੇ ਅੰਤ ਵਿਚ ਨਾਨਕ ਛਾਪ ਲਗੀ ਹੋਈ ਹੈ। ਤੱਥ ਤੋਂ ਇਨ੍ਹਾਂ ਵਿਚਾਰ ਅਧੀਨ ਸਲੋਕਾਂ ਦੇ ਸਤਿਗੁਰਾਂ ਦੀ ਰਚਨਾ ਹੋਣ ਦੀ ਤਸਦੀਕ ਹੁੰਦੀ ਹੈ। ਛਾਪੇ ਦੀਆਂ ਬੀੜਾਂ ਵਿਚ ਦੋ ਸਲੋਕਾਂ ਦੇ ਸਿਰਲੇਖ 'ਸਲੋਕ ਮਰਦਾਨਾ॥ ਤੇ ਮਰਦਾਨਾ॥ ਹਨ, ਤੇ ਤੀਜੇ ਸਲੋਕ ਦਾ ਕੋਈ ਸਿਰਲੇਖ ਨਹੀਂ, ਪਰ ਕਈ ਪੁਰਾਤਨ ਹਸਤ-ਲਿਖਤ ਬੀੜਾਂ ਵਿਚ ਇਹ ਸਿਰਲੇਖ 'ਸਲੋਕ ਮ: ੧ ਮਰਦਾਨਾ', ਤੇ 'ਮ: ੧ ਮਰਦਾਨਾ' ਤੇ 'ਮ: ੧' ਹਨ। ਸੰਭਵ ਹੈ ਕਿ ਇਹ ਸਲੋਕ ਭਾਈ ਮਰਦਾਨਾ ਜੀ ਪ੍ਰਤੀ ਮਹਲਾ ੧ ਦੀ ਰਚਨਾ ਹੋਣ ਜਿਵੇਂ ਸਾਰੰਗ ਰਾਗ ਵਿਚ ਮਹਲਾ ੫ ਦਾ ਇਕ ਸ਼ਬਦ ਭਗਤ ਸੂਰਦਾਸ ਜੀ ਪ੍ਰਤੀ ਹੈ। *(ਪੰਨਾ ੫੫)*

ਸੋ ਇਸ ਵਿਚਾਰ ਅਨੁਸਾਰ ਭਾਈ ਮਰਦਾਨਾ ਜੀ ਦਾ ਆਪਣਾ ਰਚਿਆ ਕੋਈ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ।

ਭਾਈ ਸੱਤਾ ਤੇ ਬਲਵੰਡ ਦੀ ਇਕ ਵਾਰ ਰਾਮਕਲੀ ਰਾਗ ਵਿਚ ਹੈ। ਇਸੇ ਤਰ੍ਹਾਂ ਭਾਈ ਸੁੰਦਰ ਜੀ ਦਾ ਇਕ ਸ਼ਬਦ ਵੀ ਏਸੇ ਰਾਗ ਵਿਚ ਹੈ। ਸੱਤਾ ਤੇ ਬਲਵੰਡ ਗੁਰੂ ਘਰ ਦੇ ਢਾਡੀ ਸਨ ਤੇ ਗੁਰਬਾਣੀ ਗਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਉਹ ਖੁਦ ਕੋਈ ਰਚਨਾ ਰਚਦੇ ਨਹੀਂ ਸਨ ਤੇ ਨਾ ਉਨ੍ਹਾਂ ਦੀ ਕੋਈ ਹੋਰ ਰਚਨਾ ਕਿਸੇ ਪੁਰਾਤਨ ਗ੍ਰੰਥਾਂ ਵਿਚ ਜਾਂ ਉਨ੍ਹਾਂ ਦੇ ਖਾਨਦਾਨ ਵਿਚ ਕਿਸੇ ਕੋਲ ਮਿਲਦੀ ਹੈ। ਸਤਿਗੁਰੂ ਸਰਬ ਕਲਾ ਸਮਰਥ ਦਾ ਹੁਕਮ ਹੋਇਆ ਕਿ ਜਿਸ ਮੂੰਹ ਨਾਲ ਸਤਿਗੁਰੂ ਨਾਨਕ ਦੇਵ ਜੀ ਦੀ ਨਿੰਦਾ ਕੀਤੀ ਸੀ, ਹੁਣ ਉਸੇ ਮੂੰਹ ਨਾਲ ਸਿਫਤ ਗਾਉ ਤਾਂ ਬਖਸ਼ੇ ਜਾਉਗੇ। ਉਹ ਵਿਚਾਰੇ ਨਿਰੁੱਤਰ ਹੋ ਗਏ। ਪਛਤਾਵਾ ਤਾਂ ਆਪਣੀ ਭੁੱਲ ਦਾ ਬਹੁਤ ਸੀ ਤੇ ਸੱਚੇ ਦਿਲੋਂ ਆਪਣੇ ਗੁਨਾਹ ਦੀ ਤਲਾਫੀ ਕਰਨਾ ਚਾਹੁੰਦੇ ਸਨ। ਪਰ ਨਾ ਇੰਨੀ ਸੋਝੀ ਸੀ ਤੇ ਨਾ ਕਵਿਤਾ ਲਿਖਣ ਦੀ ਸਾਰ। ਉਨ੍ਹਾਂ ਦੀ ਮਜਬੂਰੀ ਤੱਕ ਕੇ ਗੁਰੂ ਸਚੇ ਪਾਤਸ਼ਾਹ ਜੀ ਨੇ ਮਿਹਰਾਂ ਨਾਲ ਉਨ੍ਹਾਂ ਨੂੰ ਨਿਹਾਲ ਕਰ ਦਿੱਤਾ। ਹੁਣ ਉਹਨਾਂ ਅੰਦਰ ਗੁਰੂ ਦੀ ਸੱਚੀ ਸੋਝੀ ਆ ਗਈ, ਹਿਰਦੇ ਵਿਚ ਪ੍ਰਕਾਸ਼ ਹੋ ਗਿਆ, ਸਤਿਨਾਮ ਦੀ ਕਲਾ ਨੇ ਦਿਲ ਤੇ ਦਿਮਾਗ ਰੌਸ਼ਨ ਕਰ ਦਿਤੇ ਤੇ ਇਸ ਤਰ੍ਹਾਂ ਸਤਿਗੁਰੂ ਦੀ ਬਖਸ਼ਿਸ਼ ਸਦਕਾ ਉਨ੍ਹਾਂ ਦੇ ਹਿਰਦੇ ਵਿਚੋਂ ਐਸੀ ਰਚਨਾ ਸਫੁਟੀ ਕਿ ਆਪ ਮੁਹਾਰੇ ਹੀ ਉਹ ਆਖਣ ਜਾਂ ਬੋਲਣ ਲਗ ਪਏ ਤੇ ਇਸ ਬਾਣੀ ਦਾ ਸਿਰਲੇਖ 'ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ' ਇਸ ਭੇਦ ਦੀ ਘੁੰਡੀ ਖੋਲ ਦਿੰਦਾ ਹੈ ਕਿ ਸੱਤੇ ਤੇ ਬਲਵੰਡ ਨੇ ਇਹ ਵਾਰ ਕੇਵਲ ਆਖੀ ਸੀ, ਰਚੀ ਨਹੀਂ। ਅਖਵਾਉਣ ਵਾਲੇ ਤਾਂ ਸਰਬ ਕਲਾ ਸਮਰਥ ਗੁਰੂ ਅਰਜਨ ਦੇਵ ਜੀ ਸਨ। ਇਸੇ ਤਰ੍ਹਾਂ ਬਾਬਾ ਸੁੰਦਰ ਜੀ ਤੇ ਵੀ ਗੁਰੂ ਰਾਮਦਾਸ ਜੀ ਦੀ ਕਿਰਪਾ ਦ੍ਰਿਸ਼ਟੀ ਹੋਈ ਤੇ ਉਨ੍ਹਾਂ ਨੇ ਗੁਰੂ ਅਮਰ ਦਾਸ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਜੋ ਵਾਪਰਿਆ ਉਹ ਵਰਨਣ ਕੀਤਾ। ਕਲਾ ਉਥੇ ਵੀ ਗੁਰੂ ਰਾਮਦਾਸ ਜੀ ਦੀ ਹੀ ਵਰਤੀ ਸੀ।

ਇਸੇ ਹੀ ਤਰ੍ਹਾਂ ਦੀ ਘਟਨਾ ਭੱਟਾਂ ਨਾਲ ਵਰਤੀ ਜਿਨ੍ਹਾਂ ਦੇ ਨਾਮ ਤੇ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਭਾਗ ਵਿਚ ਸਵਈਏ ਦਰਜ ਹਨ। ਸੋ ਇਨ੍ਹਾਂ ਸਭ ਵਿਯਕਤੀਆਂ ਦੇ ਮੁਖੋਂ ਜੋ ਬਾਣੀ ਨਿਕਲੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੋਈ ਉਹ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਵਿਚ ਸਰਬਕਲਾ ਸਮਰਥ ਦੀ ਮੇਹਰ ਦ੍ਰਿਸ਼ਟੀ ਦੁਆਰਾ ਉਨ੍ਹਾਂ ਦੇ ਹਿਰਦੇ ਵਿਚੋਂ ਸਫੁੱਟ ਹੋਈ ਹੋਣ ਕਰਕੇ ਹੀ ਗੁਰੂ ਬਾਣੀ ਹੈ, ਉਨ੍ਹਾਂ ਦੀ ਆਪਣੀ ਰਚਨਾ ਨਹੀਂ। ਉਨ੍ਹਾਂ ਦੇ ਮੂੰਹ ਤੋਂ ਤਾਂ ਕੇਵਲ ਅਖਵਾਈ ਗਈ। ਐਨ ਏਸੇ ਤਰਾਂ ਜਿਵੇਂ ਛੱਜੂ ਤੇ ਮੂੰਹੋਂ ਪੰਜੋਖੜਾ ਸਾਹਿਬ ਵਿਖੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੇ ਸਪਤ ਸਲੋਕੀ ਗੀਤਾ ਦਾ ਗੋਝ ਵਖਿਆਨ ਕਰਵਾਇਆ।

# ਸਾਂਝੀਵਾਤਾ ਦਾ ਮਹਾਨ ਗ੍ਰੰਥ

*[ਡਾ. ਕੁਲਦੀਪ ਸਿੰਘ ਹਉਰਾ]*

ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਧਾਰਮਕ-ਗ੍ਰੰਥ ਹੈ ਜਿਸ ਦੇ ਸੁਜਾਨ-ਸੰਪਾਦਕ ਨੇ ਜਾਤ-ਪਾਤ, ਬਰਾਦਰੀ ਤੇ ਕਬੀਲੇ ਅਤੇ ਸੰਪ੍ਰਦਾਈ ਭਾਵਾਂ ਦੇ ਤੰਗ ਘੇਰੇ ਨੂੰ ਤੋੜਿਆ ਹੈ। ਗੁਰੂ ਅਰਜਨ ਸਾਹਿਬ ਨੇ ਪ੍ਰਤਿਕੂਲ ਹਾਲਾਤ ਵਿੱਚ ਅਜਿਹਾ ਇਨਕਲਾਬੀ ਕਦਮ ਚੁੱਕ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਕਿ ਜਦੋਂ ਸਮਾਜ ਵਿੱਚ ਹਿੰਦੂ ਤੇ ਮੁਸਲਮਾਨ ਦੀ ਟੱਕਰ ਸੀ ਤੇ ਉਚੀਆਂ ਜਾਤੀਆਂ ਵਾਲੇ ਅਖੌਤੀ ਨੀਵੀਆਂ ਜਾਤੀਆਂ ਨੂੰ ਘ੍ਰਿਣਾ ਕਰਦੇ ਸਨ ਤਾਂ ਗੁਰੂ ਸਾਹਿਬ ਨੇ ਇਨ੍ਹਾਂ ਸਾਰਿਆਂ ਨੂੰ ਇਕ ਥਾਂ ਤੇ ਇਕੱਠਾ ਕਰਕੇ ਟਿਕਾ ਦਿੱਤਾ। ਇਸ ਕਰਕੇ ਸਾਧ ਟੀ. ਐਲ. ਵਾਸਦਾਨੀ ਨੇ ਇਸ ਗ੍ਰੰਥ ਨੂੰ 'ਸਾਂਝੀਵਾਲਤਾ ਦਾ ਮਹਾਨ ਗ੍ਰੰਥ' ਮੰਨਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਮਹਾਂ ਕਲਿਆਣਕਾਰੀ ਹੈ, ਕਿਉਂਕਿ ਇਸ ਵਿੱਚ ਦਰਸਾਇਆ ਗਿਆ ਸਦ-ਉਪਦੇਸ਼ ਮਨੁੱਖ-ਜਾਤੀ ਦੇ ਕਿਸੇ ਇੱਕ ਵਰਗ ਵਾਸਤੇ ਨਹੀਂ ਸਗੋਂ ਸਮੁੱਚੀ ਮਾਨਵਤਾ ਲਈ ਹੈ। ਬਾਣੀ ਵਿੱਚ ਕਿਸੇ ਇਕ ਵਰਗ ਦੇ ਹਿੱਤ ਨੂੰ ਮੁੱਖ ਰੱਖਕੇ ਕੋਈ ਕਰਮ-ਕਾਂਡ ਕਰਨ ਦਾ ਉਪਦੇਸ਼ ਨਹੀਂ, ਸਗੋਂ ਮਨੁੱਖੀ ਜੀਵਨ ਦੀ ਸਫਲ ਪੂਰਨਤਾ ਲਈ ਅਤਿ ਸੁਗਮ-ਮਾਰਗ ਦੱਸਿਆ ਗਿਆ ਹੈ।

ਇਸ ਮਹਾਨ ਗ੍ਰੰਥ ਵਿੱਚ ਕਿਸੇ ਵੀ ਦੇਵੀ ਦੇਵਤੇ ਨੂੰ ਪ੍ਰਭੂ ਨਹੀਂ ਮੰਨਿਆ ਗਿਆ ਸਗੋਂ ਗੁਰਬਾਣੀ ਦੇ ਰਚਨਹਾਰਿਆਂ ਨੇ ਕੇਵਲ ਸਤਿ-ਚਿਤ-ਆਨੰਦ ਸਰੂਪ ਬ੍ਰਹਮ ਨੂੰ ਹੀ ਜਗਤ ਦਾ ਮਾਲਕ ਦੱਸਿਆ ਹੈ ਤੇ ਉਸ ਦੇ ਸਰਬ ਕਲਾ ਸਮਰਥ ਹੋਣ ਕਾਰਨ ਉਸ ਦੇ ਸਿਮਰਨ ਤੇ ਉਪਾਸਨਾ ਦੀ ਪ੍ਰੇਰਨਾ ਹੈ। ਗੁਰੂ ਗ੍ਰੰਥ ਵਿੱਚ ਸਭ ਦੇਵੀ ਦੇਵਤੇ ਤੇ ਅਵਤਾਰ ਆਦਿ ਇਕ ਅਕਾਲ ਪੁਰਖ ਦੇ ਪੈਦਾ ਕੀਤੇ ਮੰਨੇ ਗਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ, (ਸਿਵਾਏ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ) ਨੂੰ ਇਕਤ੍ਰ ਕਰਨ, ਤਰਤੀਬ ਦੇਣ, ਕੁਝ ਬਾਣੀਆਂ ਦੇ ਸਿਰਲੇਖ ਨਿਸਚਿਤ ਕਰਨ, ਵਾਰਾਂ ਨਾਲ ਸਲੋਕ ਜੋੜਨ ਅਤੇ ਸਾਰੀ ਬਾਣੀ ਨੂੰ ਸੰਗੀਤਕ ਇਕਸਾਰਤਾ ਦੇਣ, ਕੱਚੀ ਤੇ ਸਚੀ ਬਾਣੀ ਦਾ ਨਿਖੇੜਾ ਕਰਨ, ਭਗਤਾਂ ਆਦਿ ਦੀ ਬਾਣੀ ਨੂੰ ਗੁਰੂ-ਆਸ਼ੇ ਅਨੁਸਾਰ ਸਿਰਜਨ ਤੇ ਲੋੜੀਂਦੀਆਂ ਟਿੱਪਣੀਆਂ ਆਦਿ ਕਰਨ ਦਾ ਸਿਰਜਨਾਤਮਿਕ ਕਾਰਜ ਗੁਰੂ ਅਰਜਨ ਸਾਹਿਬ ਨੇ ਖੁਦ ਕੀਤਾ। ਅਜਿਹਾ ਕਰਕੇ ਆਪ ਨੇ ਇਕ ਸਫਲ ਸੰਪਾਦਕ ਹੋਣ ਦਾ ਸਬੂਤ ਦਿੱਤਾ।

ਇਹ ਮਹਾਨ ਗ੍ਰੰਥ, ਗੁਰੂ ਅਰਜਨ ਸਾਹਿਬ ਨੇ ਪਹਿਲੇ ਚਾਰ ਗੁਰੂਆਂ, ਭਗਤਾਂ, ਭੱਟਾਂ ਆਦਿ ਦੀ ਬਾਣੀ ਇਕੱਠੀ ਕਰਕੇ, ਰਾਮਸਰ ਸਰੋਵਰ ਦੇ ਕਿਨਾਰੇ ਭਾਈ ਗੁਰਦਾਸ ਜੀ ਤੋਂ ਲਿਖਵਾਉਣਾ ਸ਼ੁਰੂ ਕੀਤਾ। ਆਪਣੀ ਰਚਨਾ ਸ਼ਾਮਲ ਕਰਕੇ ਸੰਮਤ ੧੬੬੧ ਵਿੱਚ ਸਮਾਪਤ ਕੀਤਾ ਅਤੇ ਉਸੇ ਸਾਲ ਭਾਦੋਂ ਸੁਦੀ ਇੱਕ ਨੂੰ ਹਰਿਮੰਦਰ ਸਾਹਿਬ ਵਿਖੇ ਸਥਾਪਨ ਕਰਕੇ, ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪੇ ਜਾਣ ਦਾ ਮਾਣ ਬਖਸ਼ਿਆ।

ਗੁਰੂ ਅਰਜਨ ਸਾਹਿਬ ਦੇ ਸਮੇਂ ਤੱਕ ਸਿੱਖਾਂ ਦੀ ਗਿਣਤੀ ਕਾਫੀ ਵੱਧ ਚੁੱਕੀ ਸੀ। ਇਸ ਲਈ ਅਵਸ਼ਕ ਸੀ ਕਿ ਅੱਡ ਅੱਡ ਇਲਾਕਿਆਂ ਵਿੱਚ ਵੱਸਦੇ ਗੁਰੂ ਨਾਨਕ ਨਾਮ ਲੇਵਾ ਲੋਕਾਂ ਦੇ ਵਿਚਾਰਾਂ ਦੀ ਸਾਂਝ ਕਾਇਮ ਕੀਤੀ ਜਾਏ। ਇਹ ਕੰਮ ਤਾਂ ਹੀ ਹੋ ਸਕਦਾ ਸੀ ਜੇਕਰ ਉਹਨਾਂ ਦੀ ਮਾਤ- ਭਾਸ਼ਾ ਵਿੱਚ ਉਹਨਾਂ ਲਈ ਵਿਸ਼ੇਸ਼ ਧਰਮ ਗ੍ਰੰਥ ਹੋਵੇ, ਜਿਸ ਦੇ ਆਧਾਰ ਤੇ ਉਹ ਆਪਣੀ ਰਹਿਣੀ-ਬਹਿਣੀ ਨਿਸਚਿਤ ਕਰ ਸਕਣ। ਗੁਰੂ ਸਾਹਿਬ ਇਹ ਮਹਿਸੂਸ ਕਰਦੇ ਸਨ ਕਿ ਮਾਤ ਭਾਸ਼ਾ ਤੇ ਲਿੱਪੀ ਵਿੱਚ ਹੀ ਗ੍ਰੰਥ ਰਚਨਾ ਚਾਹੀਦਾ ਹੈ ਕਿਉਂਕਿ ਮਾਂ ਬੋਲੀ ਵਿੱਚ ਕਹੀ ਗੱਲ ਹਿਰਦੇ ਨੂੰ ਸਿੱਧੀ ਵੇਧਦੀ ਹੈ। ਸੰਸਕ੍ਰਿਤ ਜਾਂ ਅਰਬੀ ਏਥੋਂ ਦੇ ਲੋਕਾਂ

ਦੀ ਬੋਲੀ ਨਹੀਂ ਸੀ। ਇਹਨਾਂ ਬੋਲੀਆਂ ਵਿੱਚ ਕੀਤੀ ਰਚਨਾ ਲੋਕਾਂ ਦੀ ਸਮਝ ਤੋਂ ਬਾਹਰ ਦੀ ਗੱਲ ਸੀ। ਸੰਸਕ੍ਰਿਤ ਵਿੱਚ ਕੀਤੀ ਕੋਈ ਵੀ ਰਚਨਾ ਬ੍ਰਾਹਮਣਾਂ ਦੇ ਹੱਥ ਹੋਰ ਮਜ਼ਬੂਤ ਕਰਦੀ ਸੀ, ਜੋ ਪਹਿਲਾਂ ਹੀ ਬੋਲੀ ਦੇ ਗਿਆਨ ਦੀ ਅਜਾਰੇਦਾਰੀ ਆਪਣੇ ਹੱਥਾਂ ਵਿੱਚ ਰੱਖਕੇ ਬਾਕੀ ਜਾਤੀਆਂ ਨੂੰ ਗਿਆਨ ਦੇਣਾ ਧਰਮ ਦੇ ਵਿਰੁੱਧ ਸਮਝਦੇ ਸਨ।

ਇਸ ਸਮੇਂ ਤੱਕ ਬਾਣੀ ਕਾਫੀ ਮਾਤਰਾ ਵਿੱਚ ਰਚੀ ਜਾ ਚੁੱਕੀ ਸੀ। ਉਸ ਨੂੰ ਰਲੇਵੇਂ ਤੋਂ ਬਚਾਉਣ ਲਈ ਜਾਂ ਕੱਚੀ- ਬਾਣੀ ਪ੍ਰਚਲਤ ਹੋਣ ਤੋਂ ਰੋਕਣ ਲਈ ਇਹ ਆਵਸ਼ਕ ਸੀ ਕਿ ਸਾਰੀ ਬਾਣੀ ਇਕ ਥਾਂ ਤੇ ਇਕੱਤਰ ਕਰ ਦਿੱਤੀ ਜਾਵੇ। ਇੰਦੂ ਭੂਸ਼ਨ ਬੈਨਰਜੀ ਦੇ ਲਿਖੇ ਅਨੁਸਾਰ ਗੁਰੂ ਅਰਜਨ ਸਾਹਿਬ ਨੇ ਇਨ੍ਹਾਂ ਕਾਰਨਾਂ ਕਰਕੇ ਹੀ ਆਦਿ ਗ੍ਰੰਥ ਨੂੰ ਸੰਪਾਦਿਤ ਕਰਨ ਦਾ ਕਾਰਜ ਆਪ ਸੰਭਾਲਿਆ। ਇਹ ਬੜੀ ਦੀਰਘ ਵਿਚਾਰ ਦਾ ਸਿੱਟਾ ਸੀ ਅਤੇ ਇਸ ਕੰਮ ਦੀ ਸੰਪੂਰਨਤਾ ਗੁਰੂ ਸਾਹਿਬ ਦੇ ਪ੍ਰਬੰਧਕੀ-ਖੇਤਰ ਵਿੱਚ ਕੀਤੇ ਕਾਰਜਾਂ ਦਾ ਸਿਖਰ ਸੀ। ਇਸ ਮਹਾਨ ਕਾਰਜ ਦੇ ਕਰਨ ਲਈ ਇਕਾਂਤ ਥਾਂ ਦੀ ਚੋਣ ਕੀਤੀ ਗਈ। ਅਸਥਾਨ ਦੀ ਸੁੰਦਰਤਾ ਨੂੰ ਆਕਰਸ਼ਿਤ ਬਣਾਉਣ ਲਈ ਸਰੋਵਰ ਬਣਵਾਇਆ ਗਿਆ, ਤੁੰਬ ਲਗਵਾਏ ਗਏ। ਕਾਗਜ, ਸਿਆਹੀ ਤੋ ਹੋਰ ਲਿਖਣ ਸਮੱਗਰੀ ਦਾ ਪ੍ਰਬੰਧ ਕੀਤਾ ਗਿਆ। ਗੁਰੂ ਸਾਹਿਬ ਨੇ ਲਿਖਵਾਉਣ ਤੋਂ ਪਹਿਲਾਂ ਸਾਰੀ ਬਾਣੀ ਨੂੰ ਰਾਗਾਂ ਤੇ ਹੋਰ ਢੰਗਾਂ ਨਾਲ ਤਰਤੀਬ ਦਿੱਤੀ, ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੀ ਤਰਤੀਬ ਨੂੰ ਗਹੁ ਨਾਲ ਵੇਖੀਏ ਤਾਂ ਗੁਰੂ ਸਾਹਿਬ ਨੇ ਰਲ-ਗੱਡ ਦੀ ਕੋਈ ਗੁੰਜਾਇਸ਼ ਰਹਿਣ ਹੀ ਨਹੀਂ ਦਿੱਤੀ। ਮਾਮੂਲੀ ਜਿਹੀ ਤਬਦੀਲੀ ਵੀ ਸ਼ਬਦ, ਸਲੋਕਾਂ, ਪਰੀਆ, ਅਸ਼ਟਪਦੀਆਂ, ਦੁਪਦੇ, ਅਉਪਦਿਆਂ ਆਦਿ ਦੇ ਅੰਤ ਤੇ ਦਿਤੇ ਅੰਕਾਂ ਵਿੱਚ ਫਰਕ ਪਾ ਸਕਦੀ ਹੈ। ਗੁਰੂ ਸਾਹਿਬ ਨੇ ਇਹ ਸਾਰਾ ਕਾਰਜ ਕਮਾਲ ਦੀ ਸਿਆਣਪ ਨਾਲ ਕੀਤਾ ਹੈ ਕਿ ਵੇਖ, ਸੁਣ, ਪੜ੍ਹ, ਵਿਚਾਰ ਕੇ ਆਪ ਜੀ ਦੀ ਕੋਸ਼ਿਸ਼ ਦੀ ਦਾਦ ਦਿੱਤੇ ਬਗੈਰ ਨਹੀਂ ਰਿਹਾ ਜਾ ਸਕਦਾ। ਆਪ ਨੇ ਬਤੌਰ ਸੰਪਾਦਕ ਦੇ ਇਕ ਨਿਹਾਇਤ ਸਫਲ ਸੰਪਾਦਕ ਵਾਲੇ ਫਰਜ਼ ਨਿਬਾਹੇ ਹਨ। ਸਾਰੀ ਬਾਣੀ ਨੂੰ ਰਾਗਾਂ ਤੇ ਹੋਰ ਹਰ ਪਖੋਂ ਤਰਤੀਬ ਦੇ ਲੈਣ ਪਿਛੋਂ ਗੁਰੂ ਸਾਹਿਬ ਲਿਖਵਾਂਦੇ ਗਏ ਤੇ ਭਾਈ ਗੁਰਦਾਸ ਜੀ ਲਿਖਦੇ ਗਏ। ਨਾਲ ਨਾਲ ਗੁਰੂ ਸਾਹਿਬ ਸੁਧਾਈ ਵੀ ਕਰਦੇ ਰਹੇ। ਇਸ ਗੱਲ ਦੀ ਗੁਆਹੀ ਦਾਰਾਂ ਤੋਂ ਪਿਛੋਂ 'ਸਧੂ ਜਾਂ ਸਧੂ ਕਹੈ' ਲਿਖੇ ਤੇ ਮਿਲ ਜਾਂਦੀ ਹੈ। ਇਹ ਸਾਰਾ ਕਾਰਜ ੧੬੦੪ ਈਸਵੀ ਵਿੱਚ ਸਿਰੇ ਚੜ੍ਹ ਗਿਆ। ਉਪ੍ਰੰਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਬਾਬਾ ਬੁੱਢਾ ਜੀ ਨੇ ਬੜੇ ਸਤਿਕਾਰ ਨਾਲ ਸਿਰ ਉੱਤੇ ਚੁੱਕੀ ਰੱਖੀ, ਗੁਰੂ ਸਾਹਿਬ ਆਪ ਪਿੱਛੇ ਚੌਰ ਕਰਦੇ ਆਏ। ਬਾਣੀ ਦੇ ਸਤਿਕਾਰ ਵਜੋਂ ਸਭ ਸਿੱਖ ਸੰਗਤਾਂ ਨੰਗੇ ਪੈਰੀਂ ਚੱਲੀਆਂ। ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਨੂੰ ਹੀ ਪ੍ਰਮਾਣੀਕ ਗ੍ਰੰਥ ਮੰਨਣ ਤੇ ਇਸ ਬਾਣੀ ਉੱਤੇ ਵਿਸ਼ਵਾਸ਼ ਕਰਨ ਲਈ ਕਿਹਾ ਗਿਆ ਤੇ ਇਸ ਤੋਂ ਛੁੱਟ ਹੋਰ ਸਭ ਬਾਣੀਆਂ ਜੋ ਪ੍ਰਿਥੀ ਚੰਦ ਜੀ ਤੇ ਮਿਹਰਬਾਨ ਜੀ ਨੇ ਰਚੀਆਂ ਸਨ ਝੂਠੀਆਂ ਤੇ ਕੱਚੀਆਂ ਕਰਾਰ ਦੇ ਦਿੱਤੀਆਂ ਗਈਆਂ। ਇਹ ਬੜਾ ਇਨਕਲਾਬੀ ਕਾਰਜ ਸੀ ਜੋ ਗੁਰੂ ਸਾਹਿਬ ਨੇ ਕਰ ਵਿਖਾਇਆ। ਗੁਰੂ ਗ੍ਰੰਥ ਸਾਹਿਬ ਇਕ ਐਸਾ ਪ੍ਰਮਾਣੀਕ ਗ੍ਰੰਥ ਹੈ, ਜਿਸ ਵਿੱਚ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ -ਨਸ਼ੀਨਾਂ ਅਤੇ ਅਜਿਹੇ ਭਗਤਾਂ ਦੀ ਬਾਣੀ ਦਰਜ ਹੈ, ਜਿਨ੍ਹਾਂ ਦੇ ਵਿਚਾਰ ਗੁਰਮਤਿ ਨਾਲ ਮੇਲ ਖਾਂਦੇ ਹਨ। ਉਨ੍ਹਾਂ ਭਗਤਾਂ ਵਿੱਚ ਕਈ ਮੁਸਲਮਾਨ ਹਨ, ਕਈ ਹਿੰਦੂ ਅਤੇ ਕਈ ਅਖੌਤੀ ਨੀਵੀਆਂ ਜਾਤੀਆਂ ਨਾਲ ਸੰਬੰਧ ਰੱਖਣ ਵਾਲੇ।

ਗੁਰੂ ਅਰਜਨ ਸਾਹਿਬ ਦਾ ਸੰਪਾਦਿਤ ਕੀਤਾ ਇਹ ਮਹਾਨ ਗ੍ਰੰਥ ਕੇਵਲ ਅਕਾਰ ਦੇ ਪੱਖੋਂ ਹੀ ਨਹੀਂ, ਸਗੋਂ ਵਿਸ਼ੇ-ਵਸਤੂ ਪੱਖੋਂ ਵੀ ਇਕ ਅਦੁੱਤੀ ਗ੍ਰੰਥ ਹੈ, ਜਿਸ ਵਿੱਚ ਸਫਲ-ਜੀਵਨ ਵਿੱਚ ਜਿਉਣ ਦੀ ਜਾਂਚ ਦੱਸੀ ਗਈ ਹੈ। ਇਸ ਮਹਾਨ ਗ੍ਰੰਥ ਵਿੱਚ ਪ੍ਰਗਟਾਇਆ ਗਿਆ ਜੀਵਨ-ਦ੍ਰਿਸ਼ਟੀਕੋਣ ਨਾ ਜੋਗੀਆਂ ਵਾਂਗ ਨਿਰਾ ਅੰਤਰਮੁਖੀ ਹੈ, ਨਾ ਹੀ ਪਦਾਰਥਵਾਦੀਆਂ ਵਾਂਗ ਨਿਰਾ ਬਾਹਰਮੁਖੀ। ਇਸ ਵਿੱਚ ਤਾਂ ਸੱਚ ਨੂੰ ਸਮਝ ਕੇ ਸੱਚ ਨੂੰ ਅਪਨਾ ਕੇ 'ਸਚਿਆਰ' ਬਣਨ ਉੱਤੇ ਜ਼ੋਰ ਦਿੱਤਾ ਗਿਆ ਹੈ। ਇਸ ਗ੍ਰੰਥ ਦਾ ਵਿਸ਼ਾ ਮਨੁੱਖ ਦੀ ਸੋਚ ਦੀ ਭਾਲ ਵਿੱਚ ਸਹਾਇਤਾ ਕਰਨਾ ਅਤੇ ਨਾਮ ਜਪਣ ਵਾਲਿਆਂ ਦੀ ਮਹਿਮਾ ਕਰਨਾ ਹੈ। ਇਹ ਬਾਣੀ ਅਨੁਭਵੀ ਬਾਣੀ ਹੈ। ਗੁਰੂ ਸਾਹਿਬਾਨ ਦੇ ਉਪਦੇਸ਼ ਨੂੰ ਸਮਝਣ ਲਈ ਕਿਸੇ ਖਾਸ ਬਾਣੀ ਜਾਂ ਕੁੱਝ ਵਿਸ਼ੇਸ਼ ਸ਼ਬਦਾਂ ਦੀ ਨਹੀਂ, ਸਗੋਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਦੀ ਲੋੜ ਹੈ। ਇਹ ਗ੍ਰੰਥ ਕਿਸੇ ਵਿਸ਼ੇਸ਼ ਜਾਤ-ਬਰਾਦਰੀ ਜਾਂ ਵਿਸ਼ੇਸ਼ ਇਲਾਕੇ ਦੇ ਲੋਕਾਂ ਵਾਸਤੇ ਨਹੀਂ, ਸਗੋਂ ਸਮੁੱਚੀ ਮਾਨਵਤਾ ਦੇ ਭਲੇ ਲਈ ਹੈ। ਇਸ ਰਚਨਾ ਨਾਲ ਸਿੱਖਾਂ ਨੂੰ ਆਪਣਾ ਵਿਲੱਖਣ ਵਿਅਕਤਿਤਵ ਮਹਿਸੂਸ ਹੋਣ ਲੱਗ ਗਿਆ। ਹਿੰਦੂ ਕੇਵਲ ਵੇਦਾਂ, ਪੁਰਾਣਾਂ ਤੇ ਉਪਨਿਸ਼ਦਾਂ ਨੂੰ ਹੀ ਪਵਿੱਤ੍ਰ ਮੰਨਦੇ

***(ਬਾਕੀ ਪੰਨਾ 24 'ਤੇ)***

# ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

*[ਭਾਈ ਜਸਬੀਰ ਸਿੰਘ ਖਾਲਸਾ (ਵੇਰਕਾ)]*

ਜੁਗੋ ਜੁਗ ਅਟੱਲ ਚਵਰ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਸਦੀਵੀ ਗੁਰੂ ਹਨ। ਸੰਸਾਰ ਦੇ ਹੋਰਨਾਂ ਧਰਮਾਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਵਿਚ, ਉਹਨਾਂ ਦੇ ਪੀਰਾਂ, ਪੈਗੰਬਰਾਂ, ਰਿਸ਼ੀਆਂ, ਮੁਨੀਆਂ ਗੁਰੂਆਂ ਤੇ ਅਵਤਾਰਾਂ ਨੂੰ ਉਹਨਾਂ ਦੇ ਧਰਮ-ਗ੍ਰੰਥਾਂ ਨਾਲ ਵੱਖ ਮੰਨਿਆ ਜਾਂਦਾ ਹੈ। ਮੁਸਲਮਾਨਾਂ ਲਈ 'ਕੁਰਾਨ' ਹੋਰ ਹੈ ਅਤੇ ਹਜ਼ਰਤ ਮੁਹੰਮਦ ਸਾਹਿਬ ਹੋਰ। ਈਸਾਈਆਂ ਵਿਚ 'ਬਾਈਬਲ' ਹੋਰ ਹੈ ਅਤੇ ਹਜ਼ਰਤ ਈਸਾ ਹੋਰ। ਕੁਝ ਇਉਂ ਹੀ ਜਦੋਂ ਹਿੰਦੂ ਧਰਮ ਨੂੰ ਗੰਭੀਰਤਾ ਨਾਲ ਘੋਖੀਦਾ ਹੈ ਤਾਂ ਪਤਾ ਚਲਦਾ ਹੈ ਕਿ ਉਹਨਾਂ ਦੇ ਵੇਦ ਆਦਿ ਧਰਮ ਗ੍ਰੰਥ ਉਹਨਾਂ ਦੇ ਰਿਸ਼ੀਆਂ-ਮੁਨੀਆਂ ਨਾਲੋਂ ਵੱਖ ਹਨ। ਜੈਨੀਆਂ ਦੇ ਧਰਮ ਗ੍ਰੰਥ ਵੀ ਉਨ੍ਹਾਂ ਦੇ ਮਹਾਂ ਪੁਰਸ਼ਾਂ ਨਾਲੋਂ ਭਿੰਨਤਾ ਰੱਖਦੇ ਹਨ। ਪਰ ਸਿੱਖ ਧਰਮ ਨੂੰ ਇਹ ਮਾਣ ਹਾਸਲ ਹੈ, ਕਿ ਸਰਬ ਸਾਂਝਾ ਧਰਮ ਗ੍ਰੰਥ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ...ਅਤੇ ਸਤਿਗੁਰੂ ਪੂਰਨ ਤੌਰ 'ਤੇ ਇਕ-ਮਿੱਕ ਅਪਦਾ ਇਕੋ ਹੀ ਜੋਤਿ ਹਨ। ਭਾਈ ਨੰਦ ਲਾਲ ਜੀ ਦੇ ਰਹਿਤਨਾਮੇ ਵਿਚ ਦਰਜ ਹੈ -

ਦੋਹਰਾ -

***ਤੀਨ ਰੂਪ ਹੈਂ ਮੋਹਿ ਕੇ ਸੁਨਹੁ ਨੰਦ ਚਿਤ ਲਾਇ॥***
***ਨਿਰਗੁਣ ਸਰਗੁਣ ਗੁਰ ਸ਼ਬਦ ਕਹਉਂ ਤੋਹਿ ਸਮਝਾਇ॥***

ਅਥਵਾ -

***ਮੇਰਾ ਦੂਸਰ ਰੂਪ ਗ੍ਰੰਥ ਜੀ ਜਾਨ॥***
***ਉਨ ਕੇ ਅੰਗ ਮੇਰੇ ਕਰ ਮਾਨੁ॥***
***ਮੇਰਾ ਰੂਪ ਗ੍ਰੰਥ ਜੀ ਜਾਨ॥***
***ਇਨ ਮੇਂ ਭੇਦ ਨਹੀਂ ਕਿਛੁ ਮਾਨ॥***

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਪਾਸੋਂ ਤਿਆਰ ਕਰਵਾ ਕੇ ੧੬੬੧ ਬਿਕਰਮੀ ਭਾਦੋਂ ਸੁਦੀ ਏਕਮ ਵਾਲੇ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਪ੍ਰਕਾਸ਼ ਕਰਵਾਇਆ।

ਨਵੀਨ ਖੋਜ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਰਤਮਾਨ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਤਿਆਰ ਕਰਵਾਇਆ ਸੀ। ਇਸ ਤਰ੍ਹਾਂ ਜਦੋਂ ਸੰਨ ੧੭੦੮ ਈ: ਨੂੰ ਨਾਂਦੇੜ (ਦੱਖਣ) ਵਿਚ ਦਸਮੇਸ਼ ਪਿਤਾ ਜੀ ਦਾ ਬ੍ਰਹਮ ਵਿਚ ਸਦਾ ਲਈ ਅਭੇਦ ਹੋਣ ਦਾ ਸਮਾਂ ਆਇਆ ਤਾਂ ਗੁਰਦੇਵ ਜੀ ਨੇ ਦੇਹਧਾਰੀ ਗੁਰੂ ਦਾ ਸਿਲਸਿਲਾ ਸਦਾ-ਸਦਾ ਲਈ ਖ਼ਤਮ ਕਰ ਦਿੱਤਾ ਅਤੇ ਅੱਗੇ ਤੋਂ ਸਿੱਖਾਂ ਨੂੰ ਆਪਣੇ ਇਲਾਹੀ ਤੇ ਅਰਸ਼ੀ ਮਿੱਠੜੇ ਬੋਲਾਂ ਰਾਹੀਂ ਤਾਕੀਦ ਕੀਤੀ ਕਿ ਸਮੂਹ ਸਿੱਖ ਸੰਗਤਾਂ ਹੁਣ ਉਹਨਾਂ ਦੀ ਥਾਂ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਅਤੇ ਆਪ ਨੇ ਜੁਗੋ ਜੁਗ ਅਟੱਲ ਤਖ਼ਤ ਚਵਰ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਅੱਗੇ ਮਸਤਕ ਝੁਕਾ ਦਿੱਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਦਾ-ਸਦਾ ਲਈ ਸਿੱਖਾਂ ਨੂੰ 'ਗੁਰੂ' ਹੋਣਾ ਨਿਸ਼ਚੈ ਕਰਵਾਇਆ।

ਇਹ ਇਕ ਪ੍ਰਮਾਣੀਕ ਇਤਿਹਾਸਕ ਵਾਕਿਆ ਹੈ, ਜਿਸਦੀ ਪੁਸ਼ਟੀ ਸਮਕਾਲੀ ਲਿਖਤਾਂ ਦੇ ਲੇਖਕਾਂ ਨੇ ਰੱਜ ਕੇ ਕੀਤੀ ਹੈ। ਭਾਈ ਨੰਦ ਲਾਲ ਜੀ, ਭਾਈ ਪ੍ਰਹਿਲਾਦ ਸਿੰਘ ਅਤੇ ਭਾਈ ਚੌਪਾ ਸਿੰਘ ਦੇ ਰਹਿਤਨਾਮਿਆਂ ਅਤੇ ਭਾਈ ਸੰਤ ਸਿੰਘ, ਭਾਈ ਕੋਇਰ ਸਿੰਘ ਤੇ ਗਿਆਨੀ ਗਿਆਨ ਸਿੰਘ ਆਦਿ ਦੇ ਗ੍ਰੰਥਾਂ ਵਿਚ ਇਸ ਦੇ ਸਬੂਤ ਮਿਲਦੇ ਹਨ।

ਦੀਵਾਨਾਂ ਵਿਚ ਨਿਤ ਗੁਰਸਿੱਖ ਅਰਦਾਸ ਉਪਰੰਤ ਇਹ ਦੋਹਰੇ ਪੜ੍ਹਦੇ ਹਨ -

***ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ॥***
***ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥***
***ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ॥***

*ਜੋ ਪ੍ਰਭ ਕੋ ਮਿਲਬੋ ਚਹੇ, ਖੋਜ ਸ਼ਬਦ ਮੈਂ ਲੇਹ॥*

ਪ੍ਰਸਿੱਧ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਜੀ ਇਕ ਥਾਂ ਲਿਖਦੇ ਹਨ ਕਿ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੇ ਅੱਠ ਸਾਲ ਸੱਤ ਮਹੀਨੇ ਅੰਦਰ ਮਈ ੧੭੧੭ ਈ: ਨੂੰ ਕਵੀ ਸੋਹਣ ਸਿੰਘ ਨੇ 'ਗੁਰ-ਬਿਲਾਸ' ਪਾਤਸ਼ਾਹੀ ਛੇਵੀਂ ਸ਼ੁਰੂ ਕੀਤਾ ਸੀ ਅਤੇ ਅਗਲੇ ਸਾਲ ੧੭੧੮ ਨੂੰ ਸਮਾਪਤ ਕੀਤਾ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ, ਆਪਣੇ ਵੇਲੇ ਮਾਨਤਾ ਅਤੇ ਗੁਰਿਆਈ ਮੰਨੀ ਜਾਂਦੀ ਹੋਣ ਸੰਬੰਧੀ ਚੌਥੇ ਅਧਿਆਇ ਵਿਚ ਕਵੀ ਸੋਹਨ ਸਿੰਘ ਜੀ ਲਿਖਦਾ ਹੈ -

*ਮਮ ਆਗਿਆ ਸਬ ਹੀ ਸੁਨੋ ਸਤਿ ਬਾਤ ਨਿਰਧਾਰ॥*
*ਗ੍ਰੰਥ ਗੁਰੂ ਸਮ ਮਾਨਿਓ ਭੇਦ ਨਾ ਕੋਊ ਬੀਚਾਰ॥*
*ਅੰਗ - ੪੦੯*

*ਗੁਰੂ ਗ੍ਰੰਥ ਕਲਯੁਗ ਭਯੋ ਸ੍ਰੀ ਗੁਰੂ ਰੂਪ ਸਮਾਨ॥*
*ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗ੍ਰੰਥ ਜੀ ਜਾਨ॥*
*ਅੰਗ - ੪੧੨*

*ਗੁਰੂ ਦਰਸ ਜਿਸ ਦੇਖਣਾ ਸ੍ਰੀ ਗ੍ਰੰਥ ਦਰਸਾਇ॥*
*ਬਾਤ ਕਰਨਿ ਗੁਰੂ ਸੋ ਰਹੇ ਪੜ੍ਹੇ ਗ੍ਰੰਥ ਮਨ ਲਾਇ॥*
*ਅੰਗ - ੪੧੩*

ਉਪਰੋਕਤ ਇਤਿਹਾਸਕਾਰਾਂ ਤੋਂ ਇਲਾਵਾ ਜੌਨ ਮੈਲਕਮ, ਵਿਲੀਅਮ ਅੰਗਬਰਨ, ਕਨਿੰਘਮ, ਮੈਕਾਲਿਫ਼ ਆਦਿ ਸਭ ਅੰਗਰੇਜ਼ ਇਤਿਹਾਸਕਾਰਾਂ ਨੇ ਵੀ ਇਸ ਗੱਲ ਦੀ ਗਵਾਹੀ ਭਰੀ ਹੈ ਕਿ ਗੁਰੂ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਹੀ ਗੁਰਿਆਈ ਬਖਸ਼ੀ ਹੈ, ਕਿਸੇ ਮਨੁੱਖ ਨੂੰ ਗੁਰੂ ਨਹੀਂ ਮਿਥਿਆ।

'ਸ਼ਬਦ ਗੁਰੂ' ਦਾ ਸਿਧਾਂਤ ਤਾਂ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਹੀ ਦ੍ਰਿੜ੍ਹ ਕਰਵਾਇਆ ਜਾ ਰਿਹਾ ਸੀ। ਇਸ ਗੱਲ ਦੀ ਪੁਸ਼ਟੀ 'ਸਿੱਧ ਗੋਸਟਿ' ਬਾਣੀ ਵਿਚੋਂ ਹੋ ਜਾਂਦੀ ਹੈ -

*ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥੪੩॥*
*ਅੰਗ - ੯੪੨*

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥੪੪॥ ਅੰਗ - ੯੩੩*

ਗੁਰਬਾਣੀ ਦੇ ਹੇਠ ਲਿਖੇ ਫੁਰਮਾਨ ਵੀ ਵਾਚਣ ਯੋਗ ਹਨ -

*(ੳ) ਸਬਦੁ ਗੁਰ ਪੀਰਾ, ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ॥੮॥੧॥ ਅੰਗ - ੬੩੫*

*(ਅ) ਸਤਿਗੁਰ ਬਚਨ, ਬਚਨ ਹੈ ਸਤਿਗੁਰ, ਪਾਧਰੁ ਮੁਕਤਿ ਜਨਾਵੈਗੋ॥੫॥੩॥ ਅੰਗ - ੧੩੧੦*

*(ੲ) ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ॥੧॥੨੨॥ ਅੰਗ - ੬੭*

*(ਸ) ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥*

*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ॥੫॥੪॥ ਅੰਗ - ੯੮੨*

*(ਹ) ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥੨॥੧੦॥ ਅੰਗ - ੬੪੬*

ਉਪਰੋਕਤ ਗੁਰ-ਕਥਨਾਂ ਤੋਂ ਸੂਰਜ ਵੱਤ ਸਪੱਸ਼ਟ ਹੋ ਜਾਂਦਾ ਹੈ ਕਿ ਸ਼ਬਦ ਗੁਰੂ ਦਾ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸਿੱਖ ਧਰਮ ਵਿਚ ਦ੍ਰਿੜ ਕਰਵਾਇਆ ਜਾ ਰਿਹਾ ਹੈ। ਭਾਈ ਗੁਰਦਾਸ ਜੀ ਨੇ ਵੀ ਵਾਰਾਂ ਵਿਚ ਇਉਂ ਕਥਨ ਕੀਤਾ ਹੈ -

*ਗੁਰ ਮੂਰਤਿ ਗੁਰ ਸਬਦ ਹੈ, ਸਾਧਸੰਗਤਿ ਵਿਚਿ ਪ੍ਰਗਟੀਆਇਆ॥ ਵਾਰ ੨੪/੨੫*

ਅਤੇ -

*ਗੁਰ ਮੂਰਤਿ ਗੁਰ ਸਬਦੁ ਹੈ, ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ॥ ਵਾਰ ੨੪/੨੧*

ਸੰਸਾਰ ਦਾ ਪ੍ਰਸਿੱਧ ਇਤਿਹਾਸਕਾਰ ਟੈਨਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਬਿਆਨਦਾ ਲਿਖਦਾ ਹੈ ਕਿ ਸਿੱਖਾਂ ਦਾ ਇਹ ਧਰਮ ਗ੍ਰੰਥ ਦੂਜੇ ਧਰਮ ਗ੍ਰੰਥਾਂ ਦੀ ਤਰ੍ਹਾਂ ਨਿਰੋਲ ਗ੍ਰੰਥ ਹੀ ਨਹੀਂ, ਬਲਕਿ ਇਹ ਗੁਰੂ ਵੀ ਹਨ। ਮਾਨਵਤਾ ਦੇ ਸਰਬ ਸਾਂਝੇ ਆਤਮਿਕ ਖ਼ਜ਼ਾਨੇ ਦਾ ਵਿਰਸਾ ਹੈ। ਇਹ ਸਾਰੇ ਧਰਮ ਗ੍ਰੰਥਾਂ ਵਿਚੋਂ ਸਭ ਤੋਂ ਵੱਧ ਸਤਿਕਾਰਿਆ ਗ੍ਰੰਥ ਹੈ। ਸਿੱਖਾਂ ਲਈ ਆਪਣੇ ਇਸ ਪਵਿੱਤਰ ਧਰਮ ਗ੍ਰੰਥ ਦਾ ਰੁਤਬਾ, ਮੁਸਲਮਾਨਾਂ ਦੀ ਕੁਰਾਨ ਮਜੀਦ, ਯਹੂਦੀਆਂ ਦੀ ਤੌਰੇਤ ਤੇ ਇਸਾਈਆਂ ਦੀ ਬਾਈਬਲ ਤੋਂ ਕਿਤੇ ਉੱਚਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਸਦੀਵੀ ਗੁਰੂ ਹਨ। ਇਸ ਵਿਚ ਸਾਰਵਿਕ ਸਚਿਆਈਆਂ ਹਨ, ਜੋ ਸਾਰੇ ਸਮਿਆਂ ਤੇ ਸਮਾਨ ਰੂਪ ਨਾਲ ਸੰਬੰਧਤ ਹਨ।

ਨੋਬਲ ਪ੍ਰਾਈਜ਼ ਜੇਤੂ ਲੇਡੀ ਪਰਲ ਐਸ. ਬੈਂਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਦੱਸਦਿਆਂ ਕਿਹਾ ਹੈ ਕਿ ਮੈਂ ਦੂਜੇ ਵੱਡੇ ਧਰਮਾਂ ਦੇ ਧਰਮ-ਗ੍ਰੰਥ ਪੜ੍ਹੇ ਹਨ, ਪਰ ਮੇਰੇ ਹਿਰਦੇ ਅਤੇ ਮਨ ਉੱਤੇ ਉਹਨਾਂ ਦਾ ਉਹ ਪ੍ਰਭਾਵ ਨਹੀਂ

ਪਿਆ, ਜਿਹੜਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਿਖਤਾਂ ਦਾ ਪਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਕਾਰ ਭਾਵੇਂ ਕਾਫ਼ੀ ਵੱਡਾ ਹੈ, ਪਰ ਇਸਦੀ ਵਿਚਾਰਧਾਰਾ ਬੱਝਵੀਂ ਹੈਂ, ਇਸ ਵਿਚ ਦਰਜ ਇਲਹਾਮੀ ਗਿਆਨ ਮਨੁੱਖੀ ਮਨ ਦੀ ਅਪਾਰ ਪਹੁੰਚ ਦਾ ਸਬੂਤ ਹੈ, ਜਿਸ ਵਿਚ ਰੱਖੇ ਸੰਕਲਪਾਂ ਬਾਰੇ ਸੂਖਮ ਵੀਚਾਰਾਂ ਤੋਂ ਲੈ ਕੇ ਮਨੁੱਖੀ ਸਰੀਰ ਦੀਆਂ ਲੋੜਾਂ ਦੀ ਪੂਰਤੀ ਤੱਕ ਪ੍ਰਵਾਨਗੀ ਪ੍ਰਾਪਤ ਹੈ।

ਜਰਮਨ ਦਾ ਇਕ ਬੜਾ ਸੁਘੜ ਵਿਦਵਾਨ ਹੋਇਆ ਹੈ ਜਿਸਦਾ ਨਾਮ ਸੀ ਵਿਰੁੱਧ। ਇਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖ ਮਹਾਨਤਾ ਬਿਆਨੀ ਹੈ, ਉੱਥੇ ਇਸ ਬਾਣੀ ਨੂੰ ਪੁਰਾਣੀਆਂ ਭਾਰਤੀ ਉਪ ਭਾਸ਼ਾਵਾਂ ਦਾ ਸਮਾਂ ਵੀ ਆਖਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਕਿਸੇ ਖ਼ਾਸ ਜਾਤ, ਵਰਣ, ਫਿਰਕੇ, ਨਸਲ ਜਾਂ ਕਿਸੇ ਅਮੀਰ, ਜਾਂ ਕਿਸੇ ਚਿੱਟੇ ਕਾਲੇ ਆਦਿ ਲੋਕਾਂ ਲਈ ਹੀ ਨਹੀਂ, ਸਗੋਂ ਇਹ ਸਿੱਖਿਆ ਸਾਰੀ ਮਾਨਵਤਾ ਲਈ ਬਣਾਈ ਗਈ ਹੈ। ਇਸਦਾ ਤਾਂ ਨਾਅਰਾ ਹੀ ਇਹ ਮਾਰਿਆ ਜਾਂਦਾ ਹੈ ਜੋ ਤਿੰਨਾਂ ਕਾਲਾਂ ਵਿੱਚ ਸੱਚ ਹੈ -

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ ਅੰਗ - ੭੪੮*

ਡਾ. ਰਾਧਾ ਕ੍ਰਿਸ਼ਨਨ, ਭਾਰਤ ਦੇ ਸਾਬਕਾ ਰਾਸ਼ਟਰਪਤੀ ਹੋਏ ਨੇ। ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਬਿਆਨ ਕਰਨੋਂ ਨਾ ਰਹਿ ਸਕੇ। ਉਹਨਾਂ ਨੇ ਆਪਣੀ ਇਕ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਲਿਖਿਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ : ਸਤਿਨਾਮ ਦੀ ਧੁਨੀ ਨੂੰ ਜਿਸ ਸ਼ਰਧਾ ਤੇ ਵਚਨਾ ਨਾਲ ਗੜੂੰਦ ਕੇ ਗਾਇਆ ਗਿਆ ਹੈ, ਉਹਨਾਂ ਬੋਲਾਂ ਨੂੰ ਸਾਗਰਾਂ ਦੀਆਂ ਗਹਿਰਾਈਆਂ ਤੇ ਪਹਾੜਾਂ ਦੀਆਂ ਉਚਿਆਈਆਂ ਵੀ ਰਾਹ, ਦੇਣੋਂ ਸੰਕੋਚ ਨਹੀਂ ਕਰਨਗੀਆਂ।

ਭਾਈ ਕਾਨ੍ਹ ਸਿੰਘ ਜੀ 'ਨਾਭਾ' ਨੇ 'ਗੁਰਮਤ ਮਾਰਤੰਡ' ਗ੍ਰੰਥ ਵਿਚ ਨਿਹਾਲ ਸਿੰਘ ਦੀ ਲਿਖਤ ਦੇ ਕੁਝ ਬੰਦ ਲਿਖੇ ਨੇ, ਜਿਨ੍ਹਾਂ ਬੰਦਾਂ ਵਿਚ ਸੰਤ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਡਾਢੀ ਪ੍ਰੀਤੀ ਤੇ ਪ੍ਰੇਮ-ਖਿੱਚ ਨਾਲ ਮਹਾਨਤਾ ਬਿਆਨੀ ਹੈ, ਕਿਆ ਕਮਾਲ ਕੀਤੀ ਹੈ, ਪੜ੍ਹ ਕੇ ਵਿਸਮਾਦ ਦੀ ਅਵਸਥਾ ਆ ਜਾਂਦੀ ਹੈ -

*ਆਨੰਦ ਕੋ ਘਰ ਹੈ ਕਿ ਅੰਮ੍ਰਿਤ ਕੋ ਸਰ ਹੈ, ਕਿ ਦੇਵਨ ਕੇ ਤਰ ਹੈ ਕਿ ਯਾਨ ਕੇ ਸਮਾਜ ਹੈ।*
*ਕਾਲ ਹੂੰ ਕੋ ਕਾਲ ਹੈ ਕਿ ਰੀਤਿ ਹੀ ਕੀ ਪਾਲ ਹੈ ਕਿ ਭਾਰਤੀ ਕੋ ਮਾਲ ਹੈ ਕਿ ਭਵ ਕੇ ਜਹਾਜ ਹੈ।*
*ਵਿਦਯਾ ਕੇ ਸਿਧਾਂਤ ਹੈ ਕਿ ਧਾਰਯੋ ਰੂਪ ਸ਼ਾਂਤਿ ਹੈ, ਕਿ ਮੈਂ ਹੂੰ ਕੋ ਭਾਂਤਿ ਹੈ ਕਿ ਬ੍ਰਹਮ ਹੀ ਵਿਰਾਜ ਹੈ।*
*ਰਾਗਨ ਕੋ ਬਾਗ ਹੈ ਕਿ ਜੀਵਨ ਕ ਭਾਗ ਹੈ ਕਿ, ਧਰਾ ਜੋ ਸੁਹਾਗ ਹੈ ਕਿ ਗ੍ਰੰਥ ਮਹਾਰਾਜ ਹੈ।*
*ਕਾਹੂੰ ਕੇ ਭਰੋਸੇ ਹੈਂ ਜ਼ਮੀਨ ਕੋ ਜਮਾਨੇ ਬੀਚ, ਕਾਹੂੰ ਕੋ ਭਰੋਸੋ ਜੋਰ ਚਾਕਰੀ ਜਹਾਜ਼ ਪੈ।*
*ਕਾਹੂੰ ਕੋ ਭਰੋਸੋਂ ਭਾਰੀ ਸ਼ਾਹ ਪਾਤਸ਼ਾਹ ਮੀਤ, ਕਾਹੂੰ ਕੋ ਭਰੋਸੋ ਹੈ ਕੁਟੰਬੀ ਕਰੈਂ ਕਾਜ ਪੈ।*
*ਕਾਹੂੰ ਕੇ ਭਰੋਸੋਂ ਦੇਵ ਬਾਨੀ ਅਰੁ ਪਾਰਸੀ ਕੋ, ਕਾਹੂੰ ਕੇ ਭਰੋਸੋ ਸੰਤਗੀਰੀ ਕੀ ਮਿਜਾਜ ਪੈ।*
*ਕਾਹੂੰ ਕੋ ਭਰੋਸੋ ਚਾਰੁ ਚਾਤਰੀ ਚਲਾਕੀ ਚੋਖ, ਮੋ ਕੋ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ।*

ਸਤਿਗੁਰੂ ਜੀ ਨੇ 'ਮੁੰਦਾਵਣੀ' ਸਿਰਲੇਖ ਹੇਠ ਇਕ ਸ਼ਬਦ ਉਚਾਰਨ ਕੀਤਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖ਼ੀਰ ਤੇ ਦਰਜ ਹੈ। ਇਸ ਵਿਚ ਪੰਚਮ ਪਾਤਸ਼ਾਹ ਜੀ ਨੇ ਤਾਂ ਸੂਰਜ ਵੱਤ - ਸਪੱਸਟ ਕਰ ਦਿੱਤਾ ਹੈ ਕਿ ਇਸ ਬਾਣੀ ਅੰਦਰ 'ਅੰਮ੍ਰਿਤ-ਮਈ' ਭੋਜਨ ਹੈ, ਮਨੁੱਖਤਾ ਨੂੰ ਇਸ ਤੋਂ ਨਾ-ਮਿਟਣ ਵਾਲਾ ਸੰਤੋਖ ਪ੍ਰਾਪਤ ਹੋਵੇਗਾ। ਬਸ! ਲੋੜ ਇਸ ਗੱਲ ਦੀ ਹੈ ਕਿ ਕੋਈ ਖਾ ਕੇ ਪਚਾਵੇ ਤਾਂ ਸਹੀ। ਇਥੋਂ ਤਾਂ ਸੰਸਾਰੀ ਜੀਵਾਂ ਨੂੰ ਆਤਮਿਕ ਸ਼ਾਂਤੀ ਹਾਸਿਲ ਹੋਵੇਗੀ। ਇਸ ਆਤਮਿਕ ਨੂਰ ਦੀਆਂ ਰਿਸ਼ਮਾਂ ਦੁਆਰਾ ਸੰਸਾਰ ਵਿਚੋਂ ਅਗਿਆਨਤਾ ਦਾ ਹਨੇਰਾ ਦੂਰ ਹੋਵੇਗਾ। ਹਾਂ ਜੀ! ਮਨੁੱਖੀ ਹਿਰਦਿਆਂ ਉਪਰ ਜੋ ਅਗਿਆਨਤਾ ਦੇ ਮੰਡਪ ਛਾਏ ਹੋਏ ਨੇ ਉਹਨਾਂ ਨੂੰ ਆਤਮਿਕ ਨੂਰ ਦੀਆਂ ਰਿਸ਼ਮਾਂ ਉਡਾਉਣ ਵਿਚ ਸਮਰੱਥ ਹੋਵਣਗੀਆਂ ਅਤੇ ਇਸ ਤਰ੍ਹਾਂ ਜੀਵਾਂ ਦਾ ਅਵੱਸ਼ ਕਲਿਆਣ ਹੋਵੇਗਾ -

*ਮੁੰਦਾਵਣੀ ਮਹਲਾ ੫॥*
*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥*
*ਜੇ ਕੋ ਖਾਵੈ, ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ॥*
*ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥*
*ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰੱਬੀ ਏਕਤਾ ਦਾ ਖਿਆਲ ਬੜੇ ਜੋਰ ਨਾਲ ਦ੍ਰਿੜ ਕਰਵਾਇਆ ਗਿਆ ਹੈ।

ਉਹ ਪਰਮਾਤਮਾ ਹਰ ਜਗ੍ਹਾ ਵਿਦਮਾਨ ਹੈ, ਸਰਬ-ਵਿਆਪਕ ਹੈ, ਭਰਪੁਰਿ ਲੀਣਾ ਹੈ

*ਸਾਹਿਬੁ ਮੇਰਾ ਏਕੋ ਹੈ॥*
*ਏਕੋ ਹੈ ਭਾਈ ਏਕੋ ਹੈ॥੧॥ਰਹਾਉ॥ ਅੰਗ - ੩੫੦*

ਪੰਚਮ ਪਾਤਸ਼ਾਹ ਜੀ ਦਾ ਸ੍ਰੀ ਸੁਖਮਨੀ ਸਾਹਿਬ ਵਿਚ ਅਰਸ਼ੀ ਬਚਨ ਹੈ -

*ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥*
*ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥੧॥ ਅੰਗ - ੨੭੬*

ਜਦੋਂ ਸਮੁੱਚੀ ਮਨੁੱਖ ਜਾਤੀ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਮਹਾਂਵਾਕ ਅਨੁਸਾਰ ਇੱਕ ਪ੍ਰਭੂ ਪਿਤਾ ਦੀ ਸੰਤਾਨ ਹੈ, ਤਾਂ ਫਿਰ ਅੱਜ ਕਦਮ-ਕਦਮ ਤੇ, ਘਰ-ਘਰ ਵਿਚ, ਕੌਮਾਂ-ਕੌਮਾਂ ਵਿਚ ਫਿਰਕਿਆਂ-ਫਿਰਕਿਆਂ ਵਿਚ ਮਜ਼ਹਬਾਂ-ਮਜ਼ਹਬਾਂ ਵਿਚ, ਉਚ-ਨੀਚ, ਜਾਤ-ਪਾਤ, ਆਪਣੇ-ਬੇਗਾਨੇ, ਗੋਰੇ-ਕਾਲੇ, ਅਮੀਰ-ਗਰੀਬ ਅਤੇ ਮਾੜੇ-ਚੰਗੇ ਆਦਿ ਦੇ ਵਿਤਕਰੇ, ਭਿੰਨ-ਭੇਦ ਤੇ ਪਾੜੇ ਕਿਉਂ? ਜਦੋਂ ਕਿ ਗੁਰਬਾਣੀ ਕਹਿ ਰਹੀ ਹੈ ਕਿ -

*ਸਭੁ ਕੋ ਆਸੈ ਤੇਰੀ ਬੈਠਾ॥*
*ਘਟ ਘਟ ਅੰਤਰਿ ਤੂੰਹੈ ਵੁਠਾ॥*
*ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥੩॥੯॥ ਅੰਗ - ੯੭*

ਗੁਰਬਾਣੀ ਵਿਚ ਜਿਥੇ ਨਾਮ-ਸਿਮਰਨ ਅਤੇ ਗੁਰੂ ਦੀ ਸੰਗਤ ਉਤੇ ਬਲ ਦਿੱਤਾ ਹੈ, ਉਥੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰ ਕੇ ਵੰਡ ਛੱਕਣ ਦੇ ਸਿਧਾਂਤ ਉਤੇ ਵੀ ਪਹਿਰਾ ਦੇਣ ਲਈ ਪੂਰਨ ਤਾਕੀਦ ਕੀਤੀ ਗਈ ਹੈ -

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥੧॥੨੨॥*
*ਅੰਗ - ੧੨੪੫*

ਸੇਵਾ ਕਰਨ ਸੰਬੰਧੀ ਮਖ਼ਲੂਕ ਨੂੰ ਇਉਂ ਸੁਨੇਹਾ ਦਿੱਤਾ ਹੈ -

*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸੁ ਕਉ ਹੋਤ ਪਰਾਪਤਿ ਸੁਆਮੀ॥੨॥੧੮॥*
*ਅੰਗ - ੨੮੬*

ਅਤੇ ਗੁਰਬਾਣੀ ਵਿਚ ਜ਼ਿੰਦਗੀ ਦਾ ਸੱਚਾ ਸੁੱਚਾ ਮਾਰਗ ਇਹ ਦੱਸਿਆ ਹੈ -

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥੧॥੧੭॥ ਅੰਗ - ੫੨੨*

## *(ਪੰਨਾ 13 ਦੀ ਬਾਕੀ)*

ਨਾਲ ਹੀ 'ਉਧਾਰ' ਹੋਣਾ ਹੈ 'ਚਰਨ ਲਗਿ ਤਰੀਐ॥

(੫) ਥਾਲ ਵਿਚ ਪਈ ਵਸਤੂ ਕੀ ਹੈ? ਗੁਰੂ ਸਾਹਿਬ ਦਸਦੇ ਹਨ ਕਿ ਇਹ ਖਾਣਾ ਤਿੰਨ ਚੀਜ਼ਾਂ ਦਾ ਤਿਆਰ ਕੀਤਾ ਹੈ-ਸਤ ਦਾ ਵੀਚਾਰ, ਸੰਤੋਖ ਦਾ ਵੀਚਾਰ ਅਤੇ ਅੰਮ੍ਰਿਤ ਨਾਮ ਦਾ ਵੀਚਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਚਾਈ, ਸੰਤੋਖੀ ਜੀਵਨ ਅਤੇ ਨਾਮ-ਭਗਤੀ ਜੀਵਨ ਦੇ ਵੀਚਾਰ ਦ੍ਰਿੜ੍ਹ ਕਰਾਏ ਹਨ। ਇਹ ਤਿੰਨੇ ਵੀਚਾਰ ਇਸ ਅਤੁਲ ਦੇ ਅਧੀਨ ਹਨ- 'ਸਭ ਨਾਨਕ ਬ੍ਰਹਮ ਪਸਾਰੋ।' ਸਤ, ਸੰਤੋਖ ਤੇ ਨਾਮ ਨੇ ਸੰਸਾਰ ਦਾ 'ਉਧਾਰ' ਕਰਨਾ ਹੈ ਅਤੇ ਉਸ ਦੀ ਭੁੱਖ ਨੂੰ ਤ੍ਰਿਪਤ ਕਰਨਾ ਹੈ। ਇਸ ਭੋਜਨ ਤੋਂ ਬਿਨਾਂ ਸੰਸਾਰ ਰਹਿ ਹੀ ਨਹੀਂ ਸਕਦਾ।

ਇਹ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦਾ ਐਲਾਨ।

---

## *(ਪੰਨਾ 20 ਦੀ ਬਾਕੀ)*

ਹਨ ਪਰ ਗੁਰੂ ਸਾਹਿਬਾਨ ਤੇ ਭਗਤਾਂ ਨੇ ਇਸ ਗੜ੍ਹ ਨੂੰ ਤੋੜ ਕੇ ਰੱਖ ਦਿੱਤਾ। ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦੀ ਦੇਹ ਅਥਵਾ ਸ਼ਬਦ-ਗੁਰੂ' ਸਮਝਿਆ ਜਾਂਦਾ ਹੈ।

ਮੈਕਾਲਿਫ ਨੇ ਇਸ ਮਹਾਨ ਗ੍ਰੰਥ ਦੀ ਮਹੱਤਤਾ ਬਾਰੇ ਲਿਖਿਆ ਹੈ ਕਿ ਸੰਸਾਰ ਦੇ ਵੱਡੇ ਵੱਡੇ ਧਰਮਾਂ ਦੇ ਆਗੂਆਂ ਵਿਚੋਂ ਕਿਸੇ ਨੇ ਵੀ ਆਪਣੀ ਲਿਖੀ ਹੋਈ ਇਕ ਵੀ ਪੰਗਤੀ ਨਹੀਂ ਛੱਡੀ। ਜੋ ਕੁੱਝ ਉਹਨਾਂ ਪ੍ਰਚਾਰਿਆ, ਉਸ ਦਾ ਪਤਾ ਸਾਨੂੰ ਪ੍ਰਚਲਤ ਰਵਾਇਤਾਂ ਤੋਂ ਲੱਗਦਾ ਹੈ ਜਾਂ ਦੂਸਰੇ ਲੋਕਾਂ ਦੀਆਂ ਲਿਖਤਾਂ ਤੋਂ। ਕੇਵਲ ਗੁਰੂ ਗ੍ਰੰਥ ਸਾਹਿਬ ਹੀ ਇਕ ਐਸਾ ਧਰਮ ਗ੍ਰੰਥ ਹੈ, ਜਿਸ ਵਿੱਚ ਗੁਰੂ ਸਾਹਿਬਾਨ, ਭਗਤਾਂ ਤੇ ਭੱਟਾਂ ਦੀਆਂ ਮੌਲਿਕ ਰਚਨਾਵਾਂ ਬਿਨਾਂ ਮਿਲਾਵਟ ਅਤੇ ਅਸਲੀ ਰੂਪ ਵਿੱਚ ਸਾਂਭੀਆਂ ਪਈਆਂ ਹਨ।

ਸਾਹਿਤਕ ਪਖੋਂ ਵੀ ਇਹ ਗ੍ਰੰਥ ਮਹਾਨ ਤੇ ਲਾਸਾਨੀ ਹੈ। ਸ. ਖੁਸ਼ਵੰਤ ਸਿੰਘ ਅਨੁਸਾਰ 'ਪੰਜਾਬੀ ਸਾਹਿਤ ਦੀ ਇਹ ਸਭ ਤੋਂ ਮਹਾਨ ਰਚਨਾ ਹੈ। ਕਿਸੇ ਵੀ ਪੱਖ ਤੋਂ ਹੋਰ ਕੋਈ ਵੀ ਲਿਖਤ ਇਸ ਦਾ ਟਾਕਰਾ ਨਹੀਂ ਕਰ ਸਕਦੀ।'

# ਬਾਣੀ ਗੁਰੂ, ਗੁਰੂ ਹੈ ਬਾਣੀ

*[ਭਾਈ ਹਰਦਿਆਲ ਸਿੰਘ ਜੀ]*

ਸਿੱਖਾਂ ਨੂੰ ਹੁਕਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਰਗਟ ਗੁਰਾਂ ਦੀ ਦੇਹ ਮੰਨਣਾ ਹੈ ਅਤੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ। ਵੈਸੇ ਤਾਂ ਅਸਲੀ ਸਿੱਖ, ਸਾਧਕ ਜਾਂ ਅਭਿਲਾਖੀ ਹੀ ਹੁੰਦਾ ਹੈ ਪਰੰਤੂ ਵਿਚਾਰਨ ਤੋਂ ਬਾਦ ਇਹ ਸਿੱਟਾ ਨਿਕਲੇਗਾ ਕਿ ਕੇਵਲ ਉਹੋ ਹੀ ਸਿੱਖ, ਸਾਧਕ ਬਣਦਾ ਹੈ ਜਿਸ ਤੇ ਗੁਰੂ ਕਿਰਪਾ ਹੁੰਦੀ ਹੈ। ਗੁਰਬਾਣੀ ਦੀ ਦੇਣ ਨੂੰ ਸਾਧਕ ਦੇ ਪਖੋਂ ਵਿਚਾਰਨ ਦੀ ਲੋੜ ਹੈ। ਗੁਰਬਾਣੀ, ਧੁਰ ਕੀ ਬਾਣੀ, ਮਹਾਂਪੁਰਖ ਦੀ ਬਾਣੀ, ਪ੍ਰਭੂ ਦੀ ਬਾਣੀ, ਅਮਲੀਕ ਲਾਲ ਰਤਨ, ਅਡੋਲ ਅਤੇ ਅਟਲ ਬਚਨ ਨਿਜ ਘਰ ਵਾਸਾ ਕਰਵਾਉਣ ਵਿਚ ਸਰਬ ਸਮਰਥ ਹੈ। ਗੁਰਬਾਣੀ ਸਗਲ ਇੱਛਾ ਪੂਰਕ ਹੈ, ਰੋਗ ਅਤੇ ਦੁੱਖ ਨਾਸ਼ਕ, ਕਲੇਸ਼ ਅਤੇ ਕਸ਼ਟ ਨਿਵਾਰਕ, ਭੈ ਅਤੇ ਭਰਮ ਭੰਜਕ, ਸੁੱਖ ਅਤੇ ਕਿਰਪਾ ਸਾਗਰ, ਹਰ ਥਾਂ ਅਤੇ ਹਰ ਵੇਲੇ ਸਹਾਇਕ, ਹਲਤ ਅਤੇ ਪਲਤ ਦੀ ਰੱਖਿਅਕ ਹੈ। ਗੁਰਬਾਣੀ ਮਾਤਾ, ਪਿਤਾ, ਭਾਈ ਅਤੇ ਮਿੱਤਰ ਹੈ। ਵਿਅਕਤੀ ਅਤੇ ਸਮਾਜ ਲਈ ਮਾਰਗ ਦਰਸ਼ਕ, ਸਿਆਣਪ ਭਰਪੂਰ ਅਤੇ ਦਾਨੀ ਹੈ। ਗੁਰਬਾਣੀ ਕੁਦਰਤ ਅਤੇ ਹੁਕਮ ਦਰਸਾਉਂਦੀ ਹੈ। ਗੁਰਬਾਣੀ ਸਤਿਗੁਰੂ ਹੈ, ਇਹ ਤਾਂ ਨਿਰੰਕਾਰ ਹੈ। ਇਹ ਅਕਥ, ਅਗਮ ਅਤੇ ਅਗਾਧਿ ਹੈ। ਇਹ ਪਰਤੱਖ ਵਾਹਿਗੁਰੂ ਹੈ। ਕੇਵਲ ਸਤਿਗੁਰੂ ਦੀ ਬਾਣੀ ਸੱਚੀ ਹੈ।

*ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥*
*ਬਾਣੀ ਤ ਕਚੀ ਸਤਿਗੁਰੂ ਬਾਝਹੁ।*
*... ਹੋਰ ਕਚੀ ਬਾਣੀ॥*
*ਕਹਦੇ ਕਚੇ ਸੁਣਦੇ ਕਚੇ*
*ਕਚੀ ਆਖਿ ਵਖਾਣੀ॥* (ਅਨੰਦ ਸਾਹਿਬ)

*ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ*
*ਸੋ ਕੂੜਿਆਰ ਕੂੜੇ ਝੜਿ ਪੜੀਐ॥* ਅੰਗ - ੩੦੪

ਸਪਸ਼ਟ ਹੈ ਕਿ ਕੇਵਲ ਸਤਿਗੁਰੂ ਦੀ ਬਾਣੀ ਹੀ ਗੁਣ ਸਾਗਰ ਹੈ।

ਅਗਮ ਅਤੇ ਅਗਾਧਿ ਬਾਣੀ ਦੇ ਗੁਣ ਅਤੇ ਦੇਣ, ਕੌਣ ਬਿਆਨ ਕਰ ਸਕਦਾ ਹੈ, ਕੌਣ ਜਾਣ ਸਕਦਾ ਹੈ? ਕੋਈ ਨਹੀਂ ਕਰ ਸਕਦਾ ਕਿਉਂਕਿ ਇਹ ਸਤਿਗੁਰੂ ਅਤੇ ਵਾਹਿਗੁਰੂ ਵਾਂਗ ਅਕਥ ਹੈ। ਜੇ ਕੋਈ ਗੁਰਬਾਣੀ ਦੀ ਇੱਕ ਸਿੱਖਿਆ ਸੁਣ ਕੇ ਮੰਨ ਲਵੇ, ਹਿਰਦੇ ਅਤੇ ਚਿੱਤ ਵਿੱਚ ਧਾਰ ਲਵੇ, ਉਹ ਤਾਂ ਰਾਜਾ ਜਨਕ ਵਾਂਗ ਸਾਰੇ ਨਰਕ ਖਾਲੀ ਕਰਵਾ ਸਕਦਾ ਹੈ। ਉਹਦੇ ਮਨ ਵਿੱਚ ਰਤਨ, ਜਵਾਹਰ ਅਤੇ ਮਾਣਕ ਪ੍ਰਗਟ ਹੋ ਜਾਂਦੇ ਹਨ। ਐਸੀ ਬਾਣੀ ਹੈ, ਜੇ ਕੋਈ ਮੰਨ ਕੇ ਵੇਖੇ, ਦੁਬਿਧਾ ਅਤੇ ਭਰਮ ਦੂਰ ਕਰਕੇ ਹਿਰਦੇ ਵਿਚ ਧਾਰੇ ਤਾਂ ਗੁਰਬਾਣੀ ਦੀ ਦੇਣ ਦੀ ਕੁਝ ਸਮਝ ਲੱਗ ਸਕਦੀ ਹੈ। ਇਹ ਕੋਈ ਸਾਹਿਤ ਨਹੀਂ ਹੈ। ਇਹ ਕੋਈ ਕਿਤਾਬੀ ਗਿਆਨ ਨਹੀਂ ਹੈ, ਇਹ ਤਾਂ ਬ੍ਰਹਮ ਵਿਚਾਰ ਹੈ। ਇਸ ਦੀ ਸਾਹਿਤਕ ਕਦਰਾਂ ਕੀਮਤਾਂ ਤੇ ਪਰਖ ਕਰਨਾ ਕੋਈ ਸਿਆਣਪ ਨਹੀਂ ਹੈ। ਇਹ ਅਮੁੱਲ ਹੈ, ਕਲਜੁਗ ਦਾ ਜਹਾਜ਼ ਹੈ, ਸਾਧ ਦੀ ਸੰਗਤ ਹੈ। ਇਹ ਲਿਖਤ ਇੱਕ ਸਿੱਖ ਦਾ ਅੰਧ ਵਿਸ਼ਵਾਸ ਨਹੀਂ ਹੈ, ਨਿਰੀ ਸ਼ਰਧਾ ਨਹੀਂ ਹੈ। ਇਹ ਸੱਚ ਹੈ, ਨਿਰੋਲ ਸੱਚ ਹੈ, ਅਸਲੀਅਤ ਹੈ। ਹਾਂ! ਅਸਲੀਅਤ ਦੱਸਣ ਵਿੱਚ ਸਿੱਖ ਗਲਤੀ ਕਰ ਸਕਦਾ ਹੈ।

ਗੁਰਬਾਣੀ ਦੀ ਵਡਿਆਈ, ਕੀਮਤ ਜਾਂ ਦੇਣ, ਗੁਰਬਾਣੀ ਦੀ ਕਮਾਈ ਤੋਂ ਬਾਦ ਹੀ ਉਘੜਦੀ ਹੈ ਪਰੰਤੂ ਹਰ ਇੱਕ ਵਿਅਕਤੀ, ਸਾਧਕ ਜਾਂ ਅਸਾਧਕ, ਸ਼ੁਰੂ ਤੋਂ ਅੰਤ ਜਾਂ ਤੋੜ ਤੱਕ, ਬਾਣੀ ਨੂੰ ਗਹੁ ਨਾਲ ਪੜ੍ਹਣ ਅਤੇ ਵਿਚਾਰਨ ਨਾਲ ਲੋੜੀਂਦੀ ਅਗਵਾਈ ਪ੍ਰਾਪਤ ਕਰ ਸਕਦਾ ਹੈ। ਸਾਧਕ ਜਿਵੇਂ ਜਿਵੇਂ ਉਨਤੀ ਕਰਦਾ ਹੈ ਤਿਵੇਂ ਤਿਵੇਂ ਬਾਣੀ ਦੇ ਛੁਪੇ ਹੋਏ ਭਾਵ ਅਤੇ ਪੱਖ ਸਾਹਮਣੇ ਆਉਂਦੇ ਰਹਿੰਦੇ ਹਨ। ਸੁਆਮੀ ਜਾਂ ਸਾਹਿਬ ਵਾਂਗ ਗੁਰਬਾਣੀ ਨਿੱਤ ਨਵੀਂ ਹੈ। ਦਿਬ ਦ੍ਰਿਸ਼ਟੀ ਪ੍ਰਾਪਤ ਹੋਣ ਤੇ ਸਾਧਕ ਅਸਲੀ ਸਾਧਕ ਬਣਦਾ ਹੈ। ਇਤਨੇ ਵੱਡੇ ਭਾਗ ਕਿਸੇ ਵਿਰਲੇ ਦੇ ਹੀ ਹੁੰਦੇ ਹਨ

ਅਤੇ ਵਿਰਲਾ ਹੀ ਗੁਰਬਾਣੀ ਦੀ ਵਡਿਆਈ ਅਤੇ ਸਤਿਗੁਰੂ ਦੀ ਮਹਿਮਾ ਆਪਣੀ ਬੁੱਧੀ ਅਤੇ ਅਵਸਥਾ ਮੁਤਾਬਿਕ ਪਛਾਣ ਅਤੇ ਕੁਝ ਹੱਦ ਤੱਕ ਵਰਨਣ ਕਰ ਸਕਦਾ ਹੈ। ਕੁਝ ਹੱਦ ਤੱਕ ਕਿਉਂਕਿ ਨਿਰਾਲੀ ਖੇਡ, ਗੂੰਗੇ ਦੇ ਮਿਠਿਆਈ ਖਾਣ ਵਾਂਗ ਹੈ ਅਤੇ ਨਿਰੰਕਾਰ ਵਾਂਗ ਹੀ ਗੁਰਬਾਣੀ ਦੀ ਮਹਿਮਾ ਕਥੀ ਨਹੀਂ ਜਾ ਸਕਦੀ।

੫. ਸਾਧਕ ਦੇ ਪੱਖੋਂ ਗੁਰਬਾਣੀ ਦੀ ਦੇਣ ਬਾਰੇ ਕੁਝ ਵਿਚਾਰ ਹੇਠ ਦਿੱਤੇ ਜਾਂਦੇ ਹਨ।

(ੳ) ਗੁਰਬਾਣੀ ਵਾਹਿਗੁਰੂ ਦੇ ਸਰੂਪ, ਲੱਛਣ, ਅਤੇ ਸੁਭਾਅ ਬਾਰੇ ਦਸਦੀ ਹੈ। ਰਚਨਾ ਅਤੇ ਕੁਦਰਤ ਤੇ ਚਾਨਣਾ ਪਾਉਂਦੀ ਹੈ। ਵਾਹਿਗੁਰੂ ਨੂੰ ਜਾਨਣ ਦੀ ਇੱਛਾ ਪੈਦਾ ਕਰਕੇ ਅਭਿਲਾਖੀ ਜਾਂ ਸਾਧਕ ਬਣਾਉਂਦੀ ਹੈ।

(ਅ) ਸਾਧਕ ਵਾਸਤੇ ਸਤਿਗੁਰੂ ਦੀ ਲੋੜ ਪ੍ਰਗਟਾਉਂਦੀ ਹੈ, ਸਬੰਧ ਜੋੜਦੀ ਅਤੇ ਗੂੜਾ ਕਰਦੀ ਹੈ। ਪੂਰਬਲੇ ਕਰਮਾਂ ਅਨੁਸਾਰ ਕਿਰਪਾ ਕਰਕੇ, ਕਿਰਪਾ ਦਿਵਾਉਂਦੀ ਹੈ।

(ੲ) - ਗੁਰਬਾਣੀ ਭਗਤੀ ਬਾਰੇ ਵਿਚਾਰ, ਢੰਗ ਤੇ ਵਿਧੀ ਦਸਦੀ ਹੈ। ਸੰਜਮ ਦੱਸਦੀ ਹੈ।

(ਸ) ਭਗਤੀ ਦਾ ਮਾਰਗ ਬਿਖੜਾ ਹੈ, ਔਖਾ ਹੈ, ਖੰਨਿਓਂ ਤਿੱਖਾ ਅਤੇ ਵਾਲੋਂ ਨਿੱਕਾ ਹੈ। ਬਹੁਤ ਲੰਮਾ ਹੈ, ਬਹੁਤ ਬਹੁਤ ਲੰਮਾ ਹੈ। ਕਠਨ ਤਪੱਸਿਆ ਅਤੇ ਕਠਨ ਸੰਜਮ ਮੰਗਦਾ ਹੈ। ਸਾਧਕ ਡੋਲਦਾ ਹੈ। ਖਿਣ ਖਿਣ ਭੁੱਲਦਾ ਹੈ ਪਰੰਤੂ ਗੁਰਬਾਣੀ ਹੌਂਸਲਾ ਦਿੰਦੀ ਹੈ, ਮੁੜ ਰਸਤੇ ਤੇ ਪਾਉਂਦੀ ਹੈ ਅਤੇ ਬਾਂਹ ਫੜਦੀ ਹੈ।

(ਹ) ਗੁਰਬਾਣੀ ਪਰਮੇਸ਼ਰ ਦੀ ਸਿਫ਼ਤ ਸਲਾਹ ਹੈ, ਸਤ ਅਤੇ ਸੰਤੋਖ ਦਾ ਵੀਚਾਰ ਹੈ। ਵਡਿਆਈ ਜਾਂ ਸਿਫ਼ਤ ਸਲਾਹ ਨਾਲ ਵੱਡਾ ਪਾਇਆ ਜਾ ਸਕਦਾ ਹੈ।

***ਸਦਾ ਸਿਫਤਿ ਸਲਾਹ ਤੇਰੀ, ਨਾਮੁ ਮਨਿ ਵਸਾਵਏ।***
***ਅਨੰਦੁ ਸਾਹਿਬ, ਪਉੜੀ ੩***

ਅਸੀਂ ਅੰਨ੍ਹੇ ਹਾਂ ਅਤੇ ਆਪਣੇ ਆਪ ਕੋਈ ਸਿਫ਼ਤ ਨਹੀਂ ਕਰ ਸਕਦੇ ਕਿਉਂਕਿ ਵੇਖਣ ਅਤੇ ਜਾਨਣ ਤੋਂ ਬਿਨਾਂ ਸਿਫਤ ਨਹੀਂ ਕੀਤੀ ਜਾ ਸਕਦੀ।

(ਕ) ਗੁਰਬਾਣੀ ਰਸ ਦਾ ਸੋਮਾ ਹੈ, ਅੰਮ੍ਰਿਤਸਰ ਹੈ। ਇਸੇ ਅੰਮ੍ਰਿਤ ਨੇ ਇੱਛਾ ਪੂਰੀਆਂ ਕਰਨੀਆਂ ਹਨ ਅਤੇ ਅੰਤ ਵਿਚ ਮਹਾਂ ਸੰਤੋਖ ਪ੍ਰਦਾਨ ਕਰਨਾ ਹੈ। ਦੁੱਖ ਅਤੇ ਪਾਪ ਕੱਟਣੇ ਹਨ।

(ਖ) ਗੁਰਬਾਣੀ ਤੋਂ ਸਭ ਫਲ ਮਿਲਦੇ ਹਨ। ਇੱਛਾਵਾਂ ਪੂਰੀਆਂ ਹੁੰਦੀਆਂ ਹਨ। ਦੁੱਖ, ਦਲਿਦਰ, ਕਸ਼ਟ, ਰੋਗ ਕੱਟੇ ਜਾਂਦੇ ਹਨ। ਤਾਣ, ਮਾਨ, ਲੱਛਮੀ ਅਤੇ ਪੁੱਤਰ ਮਿਲਦੇ ਹਨ। ਲਾਜ ਅਤੇ ਪੱਤ ਰਖੀ ਜਾਂਦੀ ਹੈ ਹਰ ਥਾਂ ਅਤੇ ਹਰ ਵੇਲੇ ਸਹਾਈ ਹੁੰਦੀ ਹੈ।

(ਗ) ਅਧਿਆਤਮਿਕ ਤਰੱਕੀ ਤਾਂ ਅਡੋਲਤਾ ਅਤੇ ਵਿਸ਼ਵਾਸ ਦੀ ਖੇਡ ਹੈ ਵਾਹਿਗੁਰੂ ਨਾ ਗੁਰਦਵਾਰੇ ਵਿੱਚ, ਨਾ ਮੰਦਰ ਵਿੱਚ, ਨਾ ਗਿਰਜੇ ਵਿੱਚ ਅਤੇ ਨਾ ਹੀ ਮਸਜਿਦ ਵਿੱਚ ਹੈ। ਇਹ ਤਾਂ ਬਿਸ੍ਵਾਸੁ ਵਿਸ਼ਵਾਸ ਵਿੱਚ ਹੈ।

***ਜਾ ਕੇ ਰਿਦੈ ਬਿਸ੍ਵਾਸੁ ਪ੍ਰਭ ਆਇਆ॥***
***ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥***
***ਅੰਗ - ੨੮੫***

ਸਤਿਸੰਗਤ ਵਿੱਚ ਵਿਸ਼ਵਾਸ ਜਲਦੀ ਮਿਲਦਾ ਹੈ ਅਤੇ ਜਿਹੜੀ ਜਗ੍ਹਾ ਤੇ ਸਤਿਸੰਗਤ ਪ੍ਰਾਪਤ ਹੋਵੇ, ਪਵਿੱਤਰ ਹੈ। ਗੁਰਦੁਆਰਾ, ਮੰਦਰ, ਮਸਜਿਦ, ਗਿਰਜਾ ਸਭ ਪਵਿੱਤਰ ਹਨ ਪਰੰਤੂ ਵਿਸ਼ਵਾਸ਼ ਤੱਤ ਹੈ, ਅਸਲ ਹੈ। ਗੁਰਬਾਣੀ ਅਡੋਲਤਾ ਅਤੇ ਵਿਸ਼ਵਾਸ ਦਾਤੀ ਹੈ। ਇਹ ਅਮੁੱਲ ਗੁਣਾਂ ਦਾ ਭੰਡਾਰ ਹੈ।

(ਘ) ਗੁਰਬਾਣੀ ਗਿਆਨ ਦਾ ਭੰਡਾਰ ਹੈ ਅਤੇ ਮਨ, ਗਿਆਨ ਨਾਲ ਹੀ ਥੰਮਿਆ ਜਾਂਦਾ ਹੈ। ਮਨ ਥੰਮ੍ਹਿਆ ਗਿਆ ਤਾਂ ਕੰਮ ਬਣ ਗਿਆ, ਸਭ ਕੁੱਝ ਮਿਲ ਗਿਆ। ਗਿਆਨ ਦਾ ਸਮੁੰਦਰ, ਬਾਣੀ, ਮਨ ਨੂੰ ਥੰਮਦੀ ਹੈ।

(ਚ) ਗੁਰਬਾਣੀ ਸੁਰਤ ਸ਼ਬਦ ਦਾ ਮੇਲ ਹੈ। ਗੁਰਬਾਣੀ ਨਾਲ ਮਨ, ਬੁਧ ਅਤੇ ਸੁਰਤ ਦੀ ਘਾੜਤ ਘੜੀ ਜਾਂਦੀ ਹੈ ਅਤੇ ਪੂਰੀ ਸਿਧੀ ਦੀ ਪ੍ਰਾਪਤੀ ਹੁੰਦੀ ਹੈ। ਆਖਰ ਵਿੱਚ ਜੋਧ ਮਹਾਂਬਲੀ ਸੂਰ ਬਣਾ ਕੇ ਕਰਮ ਖੰਡ ਦੇ ਵਾਸੀ ਦੀ ਬਖਸ਼ਸ਼ ਦਿਵਾਉਂਦੀ ਹੈ।

(ਛ) ਗੁਰਬਾਣੀ ਦਾ ਬੋਲਣਾ, ਉਚਾਰਨਾ, ਸੁਨਣਾ, ਗਾਉਣਾ, ਵਿਚਾਰਨਾ ਅਤੇ ਕਮਾਉਣਾ ਸਭ ਫਲ ਪ੍ਰਦਾਨ ਕਰਦਾ ਹੈ। ਸੁਨਣਾ -

***ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥***
***ਅੰਗ - ੯੨੨***

ਜਪਣਾ -

***ਅੰਮ੍ਰਿਤ ਬਚਨ ਸਾਧ ਕੀ ਬਾਣੀ।***
***ਜੋ ਜੋ ਜਪੈ ਤਿਸ ਕੀ ਗਤਿ ਹੋਵੈ***
***ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥***
***ਅੰਗ - ੨੯੪***

ਗਾਉਣਾ ਅਤੇ ਕਮਾਉਣਾ -

***ਭਗਤਿ ਭੰਡਾਰ ਗੁਰਬਾਣੀ ਲਾਲ॥***
***ਗਾਵਤ ਸੁਨਤ ਕਮਾਵਤ ਨਿਹਾਲ॥ ਅੰਗ - ੩੭੬***

ਵੀਚਾਰਨਾ -

***ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥***
***ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥***
***ਅੰਗ - ੯੩੫***

(ਛ) ਸਾਧਕ ਵਾਸਤੇ ਗੁਰਬਾਣੀ ਸੰਤ ਹੈ, ਸਾਧ ਹੈ, ਸਤਿ ਸੰਗਤਿ ਹੈ। ਇਹ ਸਤਿਗੁਰੂ ਹੈ।

(ਜ) ਸਾਧਕ ਵਾਸਤੇ ਗੁਰਬਾਣੀ ਸਦਾਚਾਰ ਸ਼ਾਸਤਰ ਹੈ, ਨੀਤੀ ਸ਼ਾਸਤਰ ਹੈ। ਵਿਅਕਤੀਗਤ ਅਤੇ ਸਮਾਜਿਕ ਵਿਵਹਾਰ ਵਾਸਤੇ ਪੂਰਨ ਉਪਦੇਸ਼ ਹੈ। ਗੁਰਬਾਣੀ ਜ਼ਿੰਦਗੀ ਦੇ ਮੁਢਲੇ ਸਵਾਲਾਂ ਦਾ ਉੱਤਰ ਹੈ। ਸਾਧਕ ਦੀ ਜਿਗਿਆਸਾ ਜਾਂ ਉਤਸੁਕਤਾ ਨੂੰ ਤਸੱਲੀ ਦਿੰਦੀ ਹੈ। ਜਿਵੇਂ ਕਿ ਮੈਂ ਕਿਉਂ ਆਇਆ ਹਾਂ? ਕਿੱਥੇ ਜਾਣਾ ਹੈ? ਰਚਨਾ ਕਿਉਂ ਹੋਈ ਤੇ ਕਿੱਦਾਂ ਹੋਈ? ਇਤਿਆਦਿ - ਇਹ ਜ਼ਿੰਦਗੀ ਦੇ ਮੁਢਲੇ ਸਵਾਲ ਹਨ।

(ਞ) ਗੁਰਬਾਣੀ ਸਾਧਕ ਨੂੰ ਉਚਿਤ ਮੰਗਾਂ ਦਾ ਉਪਦੇਸ਼ ਦਿੰਦੀ ਹੈ। ਨਹੀਂ ਤਾਂ, ਸਾਧਕ, ਦੁਨਿਆਵੀ ਬੁੱਥੱਲਿਆਂ, ਝਗੜਿਆਂ ਅਤੇ ਮੰਗਾਂ ਵਿੱਚ ਗਲਤਾਨ ਰਹੇਗਾ ਅਤੇ ਆਪਣੀ ਭਗਤੀ ਜ਼ਾਇਆ ਕਰੇਗਾ ਜਾਂ ਭਗਤੀ ਕਰੇਗਾ ਨਹੀਂ।

(ਟ) ਗੁਰਬਾਣੀ ਸ਼ਰਨ ਵਿੱਚ ਆਉਣ ਦਾ ਢੰਗ ਦੱਸਦੀ ਹੈ ਅਤੇ ਸ਼ਰਨ ਦੀ ਅਵਸਥਾ ਵਿੱਚ ਲਿਆਉਂਦੀ ਹੈ।

(ਠ) ਗੁਰਬਾਣੀ ਸਾਧਕ ਦੇ ਮਨੋਭਾਵਾਂ, ਤਰਗਾਂ, ਤਕਲੀਫਾਂ ਅਤੇ ਨਜਾਰਿਆਂ ਨੂੰ ਪ੍ਰਗਟਾਉਂਦੀ ਹੈ ਅਤੇ ਮਾਰਗ ਤੇ ਰੱਖਦੀ ਹੈ।

(ਡ) ਗੁਰਬਾਣੀ ਅਧਿਆਤਮਿਕ ਅਵਸਥਾਵਾਂ ਅਤੇ ਨਜਾਰਿਆਂ ਦਾ ਗਿਆਨ ਦਿੰਦੀ ਹੈ। ਉਦਾਹਰਣ ਦੇ ਤੌਰ ਤੇ, ਚਾਰ ਲਾਵਾਂ, ਚਾਰ ਪੜਾਅ ਹਨ। ਜਪੁਜੀ ਸਾਹਿਬ ਵਿੱਚ ਖੰਡਾਂ ਦਾ ਜ਼ਿਕਰ ਉਚੀਆਂ ਸਟੇਜਾਂ ਤੇ ਮਾਰਗ ਦਰਸਾਉਂਦਾ ਹੈ।

(ਢ) ਸਾਧਕ ਵਾਸਤੇ ਗੁਰਬਾਣੀ ਇੱਕ ਮਾਪ ਤੋਲ ਹੈ। ਜਿਸ ਨਾਲ ਉਹ ਆਪਣੀ ਉਨਤੀ ਪਰਖ ਸਕਦਾ ਹੈ, ਤੋਲ ਸਕਦਾ ਹੈ, ਆਪਣੀਆਂ ਕਮੀਆਂ ਦੀ ਪਛਾਣ ਕਰ ਸਕਦਾ ਹੈ। ਕਮੀਆਂ ਦਾ ਜਾਨਣਾ ਹੋਰ ਹਿੰਮਤ ਅਤੇ ਮਿਹਨਤ ਲਈ ਤਿਆਰ ਕਰਦਾ ਹੈ। ਸਾਧਕ ਵਾਸਤੇ ਗੁਰਬਾਣੀ ਸਰਬ ਪੱਖੀ, ਸਰਬਮੁੱਖੀ ਰਹਿਬਰ ਹੈ, ਗੂੜ੍ਹਾ ਅਤੇ ਅਤੀ ਸਿਆਣਾ ਮਿੱਤਰ ਹੈ, ਗੰਭੀਰ ਅਤੇ ਦਾਨਾ ਦਰਸ਼ਨ ਵੇੱਤਾ ਹੈ।

੬. ਉਪਰੋਕਤ ਲਿਖਤ ਵਿੱਚ ਇਹ ਗੁਣਾਂ ਨੂੰ ਦੱਸਣ ਦੇ ਯਤਨ ਵਿੱਚ ਸਿਰ ਤੇ ਭਾਰ ਹੀ ਹੋਇਆ ਹੈ ਕਿਉਂਕਿ ਤੁੱਛ ਬੁੱਧੀ ਦੀ ਕੈਦੀ ਇੱਕ ਕਲਮ ਕੀ ਗੁਣ ਲਿਖ ਸਕਦੀ ਹੈ। ਮੁਕਦੀ ਗੱਲ ਹੈ :

***ਵਾਹੁ ਵਾਹੁ ਬਾਣੀ ਨਿਰੰਕਾਰ ਹੈ***
***ਤਿਸੁ ਜੇਵਡੁ ਅਵਰੁ ਨ ਕੋਇ॥ ਅੰਗ - ੫੧੫***

ਮੈਂ ਹੋਰ ਧਰਮਾਂ ਦੇ ਮਹਾਨ ਗ੍ਰੰਥਾਂ ਦਾ ਵੀ ਅਧਿਐਨ ਕੀਤਾ ਹੈ ਪਰ ਮਨ ਚਿਤ ਨੂੰ ਟੁੰਬਣ ਵਾਲੀ ਸ਼ਕਤੀ ਜੋ ਇਥੇ (ਗੁਰੂ ਗ੍ਰੰਥ ਸਾਹਿਬ ਵਿੱਚ) ਅਨੁਭਵ ਹੋਈ ਹੈ ਉਹ ਹੋਰ ਕਿਸੇ ਧਾਰਮਕ ਗ੍ਰੰਥ ਵਿੱਚ ਨਹੀਂ ਮਿਲ ਸਕੀ।

---

***(ਪੰਨਾ 5 ਦੀ ਬਾਕੀ)***

***ਗ੍ਰੰਥ ਜੀ ਪੜੇ ਸੁਣੇ ਬੀਚਾਰੇ ਸਾਥ॥***

ਸਤੰਬਰ 5 ਨੂੰ ਸਿੱਖ ਜਗਤ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ਮਨਾ ਰਿਹਾ ਹੈ। ਸਾਹਿਬ ਪਤਸ਼ਾਹ ਨਦਰਿ ਕਰਨ ਤੇ ਕੁਲ ਲੁਕਾਈ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਅਧਿਆਤਮ ਗੁਣਾਂ ਦਾ ਧਾਰਨੀ ਬਣਾਉਣ ਤਾਂ ਜੋ ਅਸੀਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਨੁਸਾਰ ਬਾਣੀ ਬਾਣੇ ਦੇ ਸੰਕਲਪ ਨੂੰ ਉਤੱਮ ਕਰਕੇ ਜਾਈਏ ਅਤੇ ਗੁਰੂ ਸਾਹਿਬ ਜੀ ਅਸਾਂਨੂੰ ਸਾਰਿਆਂ ਨੂੰ ਆਪਣੇ ਉਪਦੇਸ ਨੂੰ ਸੱਤ ਕਰਕੇ ਜਾਣਨ ਦਾ ਬਲ ਵਖਸ਼ੇ। ਗੁਰੂ ਸਾਹਿਬ ਜੀ ਦੇ ਕਥਨ ਅਨੁਸਾਰ -

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ।***
***ਅੰਗ - 669***

ਸਮੂਹ ਸੰਗਤ ਉਕਤ ਪਰਤੀਆਂ ਤੇ ਕੇਂਦਰਿਤ ਹੋਵੇ। ਅਦਾਰਾ ਆਤਮ ਰੰਗ ਵੱਲੋਂ ਸਮੂਹ ਸਿੱਖ ਜਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਤੇ ਵਧਾਈ ਅਤੇ ਵਾਹਿਗੁਰੂ, ਗਰੂ ਆਸੇ ਅਨੁਸਾਰ, ਪੰਥ ਨੂੰ ਪੰਥ ਪ੍ਰਸਤੀਆ ਬਖਸ਼ੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ

ਸਿੱਖ ਧਰਮ ਦੀ ਸੰਸਾਰ ਨੂੰ ਇੱਕ ਵਿਸ਼ੇਸ਼ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ 'ਪ੍ਰਗਟ ਗੁਰੂ' ਦਾ ਸਰੀਰਕ ਤੇ ਵਿਚਾਰਾਤਮਕ ਸਰੂਪ ਕਾਇਮ ਕਰਨ ਵਿੱਚ ਗੁਰੂ ਸਾਹਿਬ ਤੇ ਭਗਤਾਂ ਦੇ ਨਾਲ ਵਿਸ਼ੇਸ਼ ਹਿੱਸਾ ਗੁਰੂ ਅਰਜਨ ਸਾਹਿਬ ਦਾ ਹੈ। ਗੁਰੂ ਸਾਹਿਬ ਨੇ ਹੀ ਇਸ ਮਹਾਨ ਗ੍ਰੰਥ ਦੀ ਬੀੜ ਬੰਨ੍ਹੀ। ਜਿਸ ਤਰ੍ਹਾਂ ਆਕਾਸ਼ ਕਲਾਵੇ ਵਿੱਚ ਲੈਣਾ ਕਠਿਨ ਹੈ, ਸੂਰਜ ਦੀ ਦੂਰੀ ਨੂੰ ਗਜਾਂ ਨਾਲ ਨਹੀਂ ਨਾਪਿਆ ਜਾ ਸਕਦਾ, ਅਥਾਹ ਸਾਗਰ ਦੀ ਡੂੰਘੀ ਤਹਿ ਵਿੱਚੋਂ ਆਬਦਾਰ ਮੋਤੀ ਕੱਢਣੇ ਮੁਸ਼ਕਲ ਹਨ, ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਪਵਿੱਤਰ ਬਾਣੀ ਵਿੱਚ ਵਾਹਿਗੁਰੂ ਦੀ ਪ੍ਰੇਮਾ ਭਗਤੀ, ਬ੍ਰਹਮ ਗਿਆਨ, ਜੀਵਨ ਦੀਆਂ ਅਟੱਲ ਸਚਿਆਈਆਂ ਅਤੇ ਅਧਿਆਤਮਵਾਦ ਦੇ ਜੋ ਪਰਮ ਤੱਤ ਕਥਨ ਕੀਤੇ ਗਏ ਹਨ, ਉਨ੍ਹਾਂ ਨੂੰ ਕਲਮਬੰਦ ਕਰਨਾ ਅਸੰਭਵ ਹੈ। ਗੁਰੂ ਅਰਜਨ ਦੇਵ ਜੀ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਨੂੰ ਮੁੰਦਾਵਣੀ ਦੇ ਸ਼ਬਦ ਵਿੱਚ ਇਸ ਤਰ੍ਹਾਂ ਅੰਕਿਤ ਕੀਤਾ ਹੈ।

*ਮੁੰਦਾਵਣੀ ਮਹਲਾ ੫॥*
*ਥਾਲ ਵਿਚਿ ਤਿੰਨਿ ਵਸਤੂ ਪਈਓ*
*ਸਤੁ ਸੰਤੋਖੁ ਵੀਚਾਰੋ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ,*
*ਜਿਸਕਾ ਸਭਸੁ ਅਧਾਰੋ॥*
*ਜੇ ਕੋ ਖਾਵੈ ਜੇ ਕੋ ਭੁੰਚੈ,*
*ਤਿਸ ਕਾ ਹੋਇ ਉਧਾਰੋ॥*
*ਏਹ ਵਸਤੁ ਤਜੀ ਨਹ ਜਾਈ,*
*ਨਿਤ ਨਿਤ ਰਖੁ ਉਰਿ ਧਾਰੋ॥*
*ਤਮ ਸੰਸਾਰੁ ਚਰਨ ਲਗਿ ਤਰੀਐ*
*ਸਭੁ ਨਾਨਕ ਬ੍ਰਹਮ ਪਸਾਰੋ॥ ਅੰਗ - ੧੪੨੯)*

ਮੁੰਦਾਵਣੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਮਹਾਨਤਾ ਦਾ ਐਲਾਨ ਹੈ। ਖੁੱਲ੍ਹੇ ਜਿਹੇ ਰੂਪ ਵਿੱਚ ਇਸ ਐਲਾਨ ਦੇ ਰੂਪ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ ਕਿ -

(੧) ਸੰਸਾਰ ਨੂੰ ਤੀਬਰ ਭੁੱਖ ਲੱਗੀ ਸੀ। ਇਹ ਭੁੱਖ 'ਉਧਾਰ' ਦੀ ਇੱਛਾ ਦੀ ਸੀ। ਸੰਸਾਰ ਦਾ ਹਰ ਪ੍ਰਾਣੀ ਚਾਹੁੰਦਾ ਹੈ ਕਿ ਉਸ ਦਾ ਉਧਾਰ ਹੋਵੇ, 'ਉਧਾਰ' ਦਾ ਭਾਵ ਹੈ ਕਿ ਉਹ ਆਪਣੀ ਉੱਚਤਮ ਹੋਣੀ ਤੀਕ ਪੁੱਜ ਸਕੇ, ਜਿਸ ਦੀ ਸੰਭਾਵਨਾ ਉਸ ਵਿੱਚ ਰੱਖੀ ਗਈ ਹੈ। ਹਰ ਮਨੁੱਖ ਚਾਹੁੰਦਾ ਹੈ ਕਿ ਉਹ ਵੱਧ ਤੋਂ ਵੱਧ ਉੱਨਤੀ ਕਰੇ ਤੇ ਉੱਚੇ ਤੋਂ ਉੱਚਾ ਜਾ ਸਕੇ। ਮਨੁੱਖ ਸਰੀਰਕ, ਪਦਾਰਥਕ, ਆਰਥਕ, ਮਾਨਸਕ, ਬੌਧਿਕ ਤੇ ਆਤਮਿਕ ਉੱਨਤੀ ਚਾਹੁੰਦਾ ਹੈ। ਇਹ ਹੈ 'ਉਧਾਰ' ਦਾ ਸਿਧਾਂਤ।

(੨) ਪਰ ਸੰਸਾਰ ਵਿੱਚ ਅੰਧੇਰਾ ਤੇ ਅਗਿਆਨਤਾ ਹੈ। ਯਾਨੀ ਕਿ ਇਹ ਤਮ ਸੰਸਾਰ ਹੈ। ਉਸ ਨੂੰ ਪਤਾ ਨਹੀਂ ਕਿ ਉਹ ਆਪਣੀ ਉਧਾਰ ਦੀ ਭੁੱਖ ਨੂੰ ਕਿਵੇਂ ਦੂਰ ਕਰ ਸਕਦਾ ਹੈ। ਸਾਰੇ ਸੰਸਾਰ ਵਿੱਚ ਉਧਾਰ ਲਈ ਇੱਛਾ ਹੈ, ਪਰ ਉਸ ਨੂੰ ਉਧਾਰ ਪ੍ਰਾਪਤੀ ਦੇ ਸਾਧਨਾਂ ਦਾ ਪਤਾ ਨਹੀਂ ਹੈ। ਸਾਰਾ ਸੰਸਾਰ ਅਗਿਆਨਤਾ ਦੇ ਅੰਧੇਰੇ ਵਿੱਚ ਭਟਕ ਰਹਿਆ ਹੈ।

(੩) ਮੈਂ (ਗੁਰੂ ਅਰਜਨ ਸਾਹਿਬ ਦੇ) ਸੰਸਾਰ ਦੀ ਭੁੱਖ (ਉਧਾਰ ਦੀ ਭੁੱਖ) ਦੀ ਤ੍ਰਿਪਤੀ ਲਈ ਇੱਕ ਬਹੁਮੁੱਲੇ ਖਾਣੇ ਦਾ ਥਾਲ 'ਥਾਲ ਵਿਚਿ ਤਿੰਨਿ ਵਸਤੂ ਪਈਓ' ਪਰੋਸ ਕੇ ਸੰਸਾਰ ਦੇ ਸਾਹਮਣੇ ਰੱਖ ਦਿੱਤਾ ਹੈ। ਇਹ ਥਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਹ ਗ੍ਰੰਥ ਸੰਸਾਰ ਦੀ ਭੁੱਖ ਦੂਰ ਕਰ ਸਕਦਾ ਹੈ, ਉਸ ਨੂੰ ਉਧਾਰ ਦਾ ਰਸਤਾ ਦੱਸਦਾ ਹੈ। ਇਸੇ ਥਾਲ ਦੀ, ਜੋਤਿ ਹੈ ਸਾਰੇ ਗੁਰੂਆਂ ਦੀ ਜੋਤਿ'।

(੪) ਮੇਰਾ ਵਿਸ਼ਵਾਸ਼ ਹੈ (ਗੁਰੂ ਅਰਜਨ ਸਾਹਿਬ ਕਹਿੰਦੇ ਹਨ) ਕਿ ਜੇ ਕੋਈ ਪ੍ਰਾਣੀ ਇਸ ਥਾਲ ਵਿੱਚ ਪਰੋਸੀ ਹੋਈ ਵਸਤੂ ਨੂੰ ਖਾ ਜਾਏ ਅਤੇ ਪਚਾ ਜਾਏ, ਉਸ ਦਾ ਉਧਾਰ' ਜ਼ਰੂਰ ਹੋਵੇਗਾ। ਉਹ ਉੱਚੀ ਤੋਂ ਉੱਚੀ ਅਵਸਥਾ ਤੀਕ ਅਵਸ਼ ਪੁੱਜੇਗਾ। ਨਾਲ ਮੇਰਾ ਦਾਅਵਾ ਹੈ ਕਿ 'ਏਹ ਵਸਤੁ ਤਜੀ ਨਹ ਜਾਈ' ਭਾਵ ਸੰਸਾਰ ਦਾ ਕਦੇ ਉਧਾਰ' ਨਹੀਂ ਹੋ ਸਕਦਾ ਜੋ ਉਹ ਉਸ ਮਹਾਨ ਥਾਲ ਵਿੱਚ ਪਰੋਸੀ

ਵਸਤੂ ਨੂੰ ਖਾ ਕੇ ਪਚਾ ਨਹੀਂ ਲੈਂਦਾ। ਇਸ ਵਸਤੂ ਦਾ ਤਿਆਗ ਆਪਣੇ ਆਪ ਲਈ ਖਤਰਾ ਮੁੱਲ ਲਏ ਬਿਨਾਂ ਨਹੀਂ ਕਰ ਸਕਦਾ। ਇਹ ਵਸਤੂ ਐਸੀ ਹੈ ਕਿ ਸਦੀਵ ਕਾਲ ਇਸ ਨੂੰ ਅੰਗੀਕਾਰ ਕਰਨਾ ਪਏਗਾ 'ਨਿਤ ਨਿਤ ਰਖੁ ਉਰਿ ਧਾਰੋ॥' ਇਸ ਗ੍ਰੰਥ ਦੀ ਚਰਨੀਂ ਲੱਗਣ ਨਾਲ ਹੀ ਉਧਾਰ ਹੋਣਾ ਹੈ 'ਚਰਨ ਲਗਿ ਤਰੀਐ।'

(੫) ਥਾਲ ਵਿਚ ਪਈ ਵਸਤੂ ਕੀ ਹੈ? ਗੁਰੂ ਸਾਹਿਬ ਦੱਸਦੇ ਹਨ ਕਿ ਇਹ ਖਾਣਾ ਤਿੰਨ ਚੀਜ਼ਾਂ ਦਾ ਤਿਆਰ ਕੀਤਾ ਹੈ। ਸੱਤ ਦਾ ਵਿਚਾਰ, ਸੰਤੋਖ ਦਾ ਵਿਚਾਰ ਅਤੇ ਅੰਮ੍ਰਿਤ ਨਾਮ ਦਾ ਵਿਚਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੱਚਾਈ, ਸੰਤੋਖੀ ਜੀਵਨ ਅਤੇ ਨਾਮ ਭਗਤੀ ਜੀਵਨ ਦੇ ਵਿਚਾਰ ਦ੍ਰਿੜ ਕਰਾਏ ਹਨ। ਇਹ ਤਿੰਨੇ ਵਿਚਾਰ ਇਸ ਅਸੂਲ ਦੇ ਅਧੀਨ ਹਨ। 'ਸਭੁ ਨਾਨਕ ਬ੍ਰਹਮ ਪਸਾਰੋ' ਸਤੁ, ਸੰਤੋਖ ਤੇ ਨਾਮ ਨੇ ਸੰਸਾਰ ਦਾ ਉਧਾਰ ਕਰਨਾ ਹੈ ਅਤੇ ਉਸ ਦੀ ਭੁੱਖ ਨੂੰ ਤ੍ਰਿਪਤ ਕਰਨਾ ਹੈ। ਇਸ ਭੋਜਨ ਤੋਂ ਬਿਨਾਂ ਸੰਸਾਰ ਰਹਿ ਹੀ ਨਹੀਂ ਸਕਦਾ।

ਇਹ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦਾ ਐਲਾਨ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੀਰਕ ਦਰਸ਼ਨ ਦੀ ਮਹਾਨਤਾ ਵੇਖਣ ਦਾ ਯਤਨ ਕਰਦੇ ਹਾਂ -

ਸੰਸਾਰ ਦੇ ਧਾਰਮਿਕ ਗ੍ਰੰਥਾਂ ਵਿਚੋਂ ਇਸ ਗ੍ਰੰਥ ਦੀ ਪਦਵੀ, ਸਰੀਰਕ ਸਰੂਪ ਕਰਕੇ ਵੀ, ਵਿਲੱਖਣ ਤੇ ਵਿਸ਼ੇਸ਼ ਹੈ। ਪਹਿਲਾਂ ਇਸ ਵਿਲੱਖਣਤਾ ਤੇ ਵਿਸ਼ੇਸ਼ਤਾ ਦੇ ਦਰਸ਼ਨ ਕਰਦੇ ਹਾਂ।

ਪੁਰਾਤਨ ਸਮਿਆਂ ਵਿੱਚ ਹਿੰਦੁਸਤਾਨ ਵਿੱਚ ਅਨੇਕਾਂ ਗ੍ਰੰਥ ਰਚੇ ਗਏ ਸਨ। ਹਿੰਦੁਸਤਾਨ ਤੋਂ ਬਾਹਰ ਸੰਸਾਰ ਵਿੱਚ ਵੀ ਪੁਰਾਤਨ ਸਮੇਂ ਵਿੱਚ ਕਈ ਗ੍ਰੰਥ ਰਚੇ ਗਏ ਹਨ। ਵੇਦ, ਗੀਤਾ, ਸ਼ਾਸਤਰ ਆਦਿ ਹਿੰਦੁਸਤਾਨ ਦੇ ਅਤੇ ਬਾਈਬਲ, ਕੁਰਾਨ ਆਦਿ ਹੋਰ ਸੰਸਾਰ ਦੇ ਗਰੰਥ ਹਨ। ਪਰ ਪਿਛਲੇ ਇੱਕ ਹਜ਼ਾਰ ਵਰ੍ਹਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਏ ਦਾ ਕੋਈ ਗ੍ਰੰਥ ਸੰਸਾਰ ਵਿੱਚ ਨਹੀਂ ਆਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬਿਨਾਂ ਕਿਸੇ ਮਜਹਬ, ਜ਼ਾਤ, ਵਰਣ ਤੇ ਦੇਸ਼ ਕਾਲ ਦੇ ਵਿਤਕਰੇ ਦੇ ਦਰਜ ਕੀਤੀ ਗਈ ਹੈ। ਸੰਸਾਰ ਭਰ ਵਿੱਚ ਐਸਾ ਖੁੱਲ੍ਹ ਦਿਲੇ ਸਮਾਨਤਾ ਵਾਲੇ ਧਾਰਮਕ ਅਸੂਲ, ਕੇਵਲ ਇਸ ਗ੍ਰੰਥ ਵਿੱਚ ਹੀ ਵਿਦਮਾਨ ਹਨ।

ਇਹ ਸਿਧਾਂਤ ਸਰਬ ਸਾਂਝੇ ਕੌਮੀ ਜੀਵਨ ਦੀ ਨੀਂਵ ਪੱਥਰ ਹੈ। ਇਹ ਸਿੱਖਾਂ ਦੀ ਸਾਂਝੀਵਾਲਤਾ ਦਾ ਪਰਮਾਣ ਹੈ। ਸਿੱਖ ਧਰਮ ਦੇਸ਼ ਕਾਲ ਦੀਆਂ ਹੱਦਾਂ ਨੂੰ ਨਹੀਂ ਮੰਨਦਾ, ਸਗੋਂ ਸਾਰੀ ਮਨੁੱਖਤਾ ਨੂੰ ਇੱਕ ਇਕਾਈ ਸਮਝਦਾ ਹੋਇਆ ਸਾਂਝੀਵਾਲਤਾ ਤੇ ਸਮਾਨਤਾ ਦੀਆਂ ਬੁਨਿਆਦਾਂ ਨੂੰ ਪੱਕਾ ਕਰਦਾ ਹੈ। ਗੁਰਬਾਣੀ ਦਾ ਸੰਚਯ ਰੂਪ, ਸ੍ਰੀ ਗੁਰੂ ਗਰੰਥ ਸਾਹਿਬ, ਗੁਰੂਆਂ ਦੇ ਆਪਣੇ ਹੱਥੀਂ ਲਿਖਿਆ ਤੇ ਸੰਭਾਲਿਆ ਹੋਇਆ ਉੱਤਮ ਗਰੰਥ ਹੈ। ਮਜ਼੍ਹਬ ਦੇ ਇਤਿਹਾਸ ਵਿੱਚ ਇਹ ਇੱਕ ਅਸਚਰਜ ਰਚਨਾ ਹੈ। ਮੈਕਾਲਫ ਲਿਖਦਾ ਹੈ- ਸਿੱਖ ਧਰਮ, ਜਿਥੋਂ ਤੱਕ ਇਸ ਦੇ ਮੁੱਖ ਸਿਧਾਂਤਾਂ ਦਾ ਸੰਬੰਧ ਹੈ, ਦੂਸਰੇ ਲਗਪਗ ਸਾਰੇ ਵੱਡੇ ਧਰਮਾਂ ਦੇ ਸਿਧਾਂਤਾਂ ਨਾਲੋਂ ਬਹੁਤ ਭੇਦ ਰੱਖਦਾ ਹੈ। ਸੰਸਾਰ ਵਿੱਚ ਜੋ ਵੱਡੇ ਧਰਮ ਪ੍ਰਚਾਰਕ ਹੋਏ ਹਨ, ਉਨ੍ਹਾਂ ਵਿਚੋਂ ਕੋਈ ਆਪਣੀ ਲਿਖੀ ਹੋਈ ਇੱਕ ਪੰਗਤੀ ਵੀ ਪਿਛੇ ਨਹੀਂ ਛੱਡ ਗਿਆ। ਜੋ ਕੁੱਝ ਉਨ੍ਹਾਂ ਨੇ ਪ੍ਰਚਾਰਿਆ ਹੈ, ਉਸ ਦਾ ਪਤਾ ਸਾਨੂੰ ਜਾਂ ਤੇ ਪ੍ਰਚਲਤ ਰਵਾਇਤਾਂ ਤੋਂ ਲੱਗਦਾ ਹੈ ਜਾਂ ਹੋਰਨਾਂ ਦੀਆਂ ਲਿਖਤਾਂ ਤੋਂ। ਫੈਸਾ ਗੈਰਸ ਨੇ ਜੇ ਕੋਈ ਆਪਣੇ ਸਿਧਾਂਤ ਲਿਖੇ ਹਨ, ਉਹ ਸਾਡੇ ਤੱਕ ਨਹੀਂ ਪਹੁੰਚੇ। ਸੁਕਰਾਤ ਦੀ ਸਿਖਿਆ ਦਾ ਸਾਨੂੰ ਪਤਾ ਕੇਵਲ ਅਫਲਾਤੂਨ ਤੇ ਜੇਨਾਫਨ ਦੀਆਂ ਲਿਖਤਾਂ ਤੋਂ ਹੀ ਲੱਗਦਾ ਹੈ। ਬੁੱਧ' ਆਪਣੀ ਸਿਖਿਆ ਦੀ ਯਾਦ ਆਪਣੀ ਕਿਸੇ ਹਾਲਤ ਵਿੱਚ ਨਹੀਂ ਛੱਡ ਗਿਆ। ਪੱਛਮੀ ਲੋਕ ਜਿਸਨੂੰ ਕਨਫਯੂਸਸ ਕਹਿੰਦੇ ਹਨ, ਆਪਣੇ ਪਿੱਛੇ ਆਪਣੇ ਸਮਾਜਿਕ ਤੇ ਇਖਲਾਕੀ ਸਿਧਾਂਤਾਂ ਬਾਰੇ ਕੋਈ ਲਿਖਤ ਨਹੀਂ ਛੱਡ ਗਿਆ। ਈਸਾਈਅਤ ਦੇ ਬਾਨੀ (ਈਸਾ) ਨੇ ਵੀ ਆਪਣੇ ਸਿਧਾਂਤਾਂ ਨੂੰ ਕਿਸੇ ਲਿਖਤ ਵਿੱਚ ਨਹੀਂ ਪੇਸ਼ ਕੀਤਾ, ਉਨ੍ਹਾਂ ਸੰਬੰਧੀ ਵੀ ਸਾਨੂੰ ਮੈਥੀਉ, ਮਾਰਕ ਲੂਕ ਅਤੇ ਜੌਹਨ ਦੀਆਂ ਲਿਖਤਾਂ ਤੇ ਹੀ ਭਰੋਸਾ ਕਰਨਾ ਪੈਂਦਾ ਹੈ। ਅਰਬ ਦੇ ਪੈਗੰਬਰ (ਮੁਹੰਮਦ) ਨੇ ਵੀ ਕੁਰਾਨ ਦੇ ਸਿਪਾਰਿਆਂ ਨੂੰ ਆਪਣੀ ਕਲਮ ਨਾਲ ਨਹੀਂ ਲਿਖਿਆ ਸਗੋਂ ਉਹ ਉਸਦੇ ਖਲੀਫਿਆਂ ਜਾਂ ਨਾਮ ਲੇਵਾ ਨੇ ਹੀ ਲਿਖਿਆ ਜਾਂ ਇਕੱਤ੍ਰ ਕੀਤਾ ਹੈ। ਪਰੰਤੂ ਸਿੱਖ ਗੁਰੂਆਂ ਦੀ ਬਾਣੀ ਉਹਨਾਂ ਦੀ ਆਪਣੀ ਲਿਖੀ ਹੋਈ ਤੇ ਸੰਭਾਲੀ ਹੋਈ ਮਿਲਦੀ ਹੈ, ਅਤੇ ਜੋ ਕੁੱਝ ਸਿੱਖਿਆ ਉਨ੍ਹਾਂ ਨੇ ਦਿੱਤੀ ਹੈ, ਉਸ ਦਾ ਪਤਾ ਸਾਨੂੰ ਉਹਨਾਂ ਦੀ ਆਪਣੀ ਲਿਖਤ ਤੋਂ ਹੀ ਲੱਗਦਾ ਹੈ।

ਕੁੱਝ ਕੁ ਮਨੌਤਾਂ ਅਨੁਸਾਰ ਚਾਰ ਵੇਦ, ਬ੍ਰਹਮਾ ਦਾ ਗਿਆਨ ਜਾਂ ਰਿਸ਼ੀਆਂ ਦਾ ਅਨੁਭਵ ਮੰਨੇ ਜਾਂਦੇ ਹਨ। ਇਬਰਾਨੀ ਮਤਾਂ ਅਨੁਸਾਰ ਤੌਰੇਤ ਮੂਸਾ, ਅੰਜੀਲ-ਈਸਾ ਅਤੇ ਕੁਰਾਨ-ਮੁਹੰਮਦ ਤੇ ਨਾਜਲ ਹੋਇਆ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਕਾਸ਼ ਵਿਚੋਂ ਆਈ

ਹੋਈ ਬਾਣੀ ਜਾਂ ਫਰਿਸ਼ਤਿਆਂ ਰਾਹੀਂ ਨਾਜ਼ਲ ਹੋਈ ਕਲਾਮ ਨਹੀਂ ਬਲਕਿ ਸਤਿਗੁਰਾਂ, ਸੰਤਾਂ ਅਤੇ ਭਗਤਾਂ ਦੀਆਂ ਆਤਮਾਵਾਂ ਦਾ ਵਾਹਿਗੁਰੂ ਨਾਲ ਇਕਮਿਕ, ਇੱਕ ਸੁਰ ਤੋਂ ਲੀਨ ਹੋ ਕੇ ਪ੍ਰਾਪਤ ਕੀਤਾ ਹੋਇਆ ਗਿਆਨ ਤੇ ਅਨੁਭਵ ਹੈ। ਗੁਰਬਾਣੀ ਗਿਆਨ ਵਾਹਿਗੁਰੂ ਦਾ ਹੈ, ਇਸ ਦਾ ਪ੍ਰਕਾਸ਼ ਕਈ ਹਿਰਦਿਆਂ ਵਿੱਚ ਹੋਇਆ ਹੈ। ਜਿਨ੍ਹਾਂ ਕਿਹਾ ਮੈਂ ਤੇਰੇ ਜਿਹਾ ਦਾ ਸਬੂਤ ਹੈ। ਗੁਰਬਾਣੀ, ਵੇਦਾਂ, ਉਪਨਿਸ਼ਦਾਂ, ਚਾਰ ਕਿਤਾਬਾਂ, ਤੌਰੇਤ, ਚੇਤ, ਜੰਬੂਰ, ਅੰਜੀਲ ਅਤੇ ਕੁਰਾਨ ਤੋਂ ਪਿਛੋਂ ਲਿਖੀ ਗਈ ਹੈ, ਪਰ ਸਭ ਤੋਂ ਵਧੀਕ ਸਾਇੰਟੈਫਿਕ ਅਤੇ ਮੁਕੰਮਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਿੰਦੁਸਤਾਨ ਦੀਆਂ ਵਰਤਮਾਨ ਬੋਲੀਆਂ ਨੂੰ ਸਣੇ ਅਰਬੀ ਤੇ ਫਾਰਸੀ ਦੀ ਪ੍ਰਤੀਨਿਧਤਾ ਪ੍ਰਾਪਤ ਹੈ। ਸਗੋਂ ਇਸ ਮਹਾਨ ਗੁਰਬਾਣੀ ਤੇ ਭਗਤ ਬਾਣੀ ਸੰਗ੍ਰਹਿ ਵਿਚੋਂ ਪਿਛਲੇ ੬੦ ਸਾਲ ਵਿੱਚ ਬੋਲੀਆਂ ਦੇ ਹੋਏ ਵਿਕਾਸ ਤੇ ਉਹਨਾਂ ਵਿੱਚ ਹੋਏ ਪ੍ਰੀਵਰਤਨ ਨੂੰ ਵੀ ਸਮਝਿਆ ਜਾ ਸਕਦਾ ਹੈ। ਬੋਲੀਆਂ ਦੀ ਵਰਤੋਂ ਵਿੱਚ ਸਿੱਖ ਗੁਰੂਆਂ ਦਾ ਦ੍ਰਿਸ਼ਟੀਕੋਣ ਗੈਰ ਫਿਰਕਾਦਾਨਾ ਰਹਿਆ ਹੈ ਉਹਨਾਂ ਸਾਰੀਆਂ ਬੋਲੀਆਂ ਨੂੰ ਸਤਿਕਾਰਿਆ ਹੈ। ਸਿੰਧੀ, ਮਰਾਠੀ, ਬ੍ਰਿਜ, ਹਿੰਦੀ, ਸੰਸਕ੍ਰਿਤ, ਪਾਕ੍ਰਿਤ, ਅਪਭ੍ਰੰਸ, ਅਰਬੀ, ਫਾਰਸੀ, ਬੋਲੀਆਂ ਦੇ ਸ਼ਬਦ ਇਥੇ ਇਕੋ ਜਿੰਨੇ ਸਤਿਕਾਰੇ ਹੋਏ ਹਨ। ਨਿਰਸੰਦੇਹ ਪੰਜਾਬੀ ਦੀ ਮਾਤਰਾ ਵੱਧ ਹੋਣੀ ਸੀ ਜਾਂ ਘਟੋ ਘੱਟ ਇਸ ਦੀ ਬੋਲੀ ਦੇ ਮੁਹਾਵਰੇ ਦਾ ਪ੍ਰਮੁੱਖ ਰੂਪ ਪੰਜਾਬੀ ਹੀ ਹੈ। ਪਰ ਸਪੱਸ਼ਟ ਹੈ ਕਿ ਇਸ ਧਰਮ ਗ੍ਰੰਥ ਦਾ ਦੂਜੀਆਂ ਬੋਲੀਆਂ ਨਾਲ ਸਮਾਨਤਾ ਦਾ ਵਰਤਾਉ ਹੈ। ਇਹ ਗਰੰਥ ਭਾਰਤ ਦੇ ਹਰ ਸੂਬੇ ਵਿੱਚ ਸਮਝਿਆ ਜਾ ਸਕਦਾ ਹੈ। ਮਿਸਟਰ ਟਰੰਪ ਗੁਰੂ ਗਰੰਥ ਸਾਹਿਬ ਨੂੰ ਭਾਰਤੀ ਜ਼ਬਾਨਾਂ ਦਾ ਖਜ਼ਾਨਾ ਕਹਿੰਦਾ ਹੈ।

ਸ੍ਰੀ ਗੁਰੂ ਗੰਥ ਸਾਹਿਬ ਦੀ ਸਾਰੀ ਬਾਣੀ ੨੪ ਪੁਰਾਤਨ ਭਾਰਤੀ ਤੇ ਗੈਰ ਭਾਰਤੀ ਸਨਾਤਨ ਤੇ ਦੇਸੀ ਰਾਗਾਂ ਵਿੱਚ ਹੈ। ਇਹਨਾਂ ਰਾਗਾਂ ਦੁਆਰਾ ਸਿੱਖ ਧਰਮ ਦੀ ਸਾਰੇ ਭਾਰਤੀਆਂ ਨਾਲ ਸਾਂਝ ਬਣੀ ਹੋਈ ਹੈ। ਉਹ ਇਹ ਸਾਰੇ ਰਾਗ ਗਾਉਂਦੇ ਹਨ ਅਤੇ ਇਹਨਾਂ ਰਾਗਾਂ ਵਿੱਚ ਕੁੱਝ ਰਾਗ ਐਸੇ ਹਨ ਜੋ ਸਾਰੇ ਭਾਰਤੀਆਂ ਨੂੰ ਪ੍ਰਿਅ ਹਨ, ਮੌਸਮੀ ਰਾਗ ਹੋਣ ਕਰਕੇ ਜਿਵੇਂ ਕਿ ਬਸੰਤ, ਮਲਾਰ ਤੇ ਸਾਰੰਗ। ਕੁੱਝ ਰਾਗ ਐਸੇ ਹਨ ਜੋ ਵਿਸ਼ੇਸ਼ ਧਰਮਾਂ ਜਾਂ ਫਿਰਕਿਆਂ ਦੇ ਪ੍ਰਿਅ ਰਾਗ ਹਨ। ਤਿਲੰਗ ਤੇ ਆਸਾ ਮੁਸਲਮਾਨਾਂ ਦੇ ਪ੍ਰਿਅ ਰਾਗ ਹਨ। ਸਿੱਖ ਇਹਨਾਂ ਸਾਰੇ ਰਾਗਾਂ ਨੂੰ ਇੱਕ ਸਮਾਨ ਪਿਆਰ ਕਰਦੇ ਹਨ ਅਤੇ ਸਾਰੀ ਮਨੁੱਖਤਾ ਨਾਲ ਆਪਣੀ ਸਾਂਝ ਬਣਾਉਂਦੇ ਹਨ।

ਰਾਗ ਦਾ ਗਾਇਨ ਆਪਣੇ ਵਿੱਚ ਵੀ ਕੌਮ ਨੂੰ ਵੱਧ ਸਭਿਆਚਾਰਕ ਤੇ ਕੋਮਲ ਭਾਵੁਕਤਾ ਵਾਲਾ ਬਣਾਉਂਦਾ ਹੈ। ਪੰਜਾਬੀਆਂ 'ਚ ਰਾਗ ਦਾ ਰਿਵਾਜ ਘੱਟ ਹੈ, ਕੀਰਤਨ ਦਾ ਵੱਧ, ਪਰ ਜਿੰਨਾਂ ਵੀ ਹੈ, ਉਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬੜਾ ਭਾਗ ਹੈ। ਇਹ ਤਜਰਬਾ ਵੀ ਸਿੱਖ ਲਈ ਬੜਾ ਲਾਭਦਾਇਕ ਸਿੱਧ ਹੋਇਆ ਹੈ ਕਿ ਕੇਵਲ ਰਾਗ ਅਲਾਪ ਦੀ ਥਾਂ ਕੀਰਤਨ ਨੂੰ ਦੇ ਦਿੱਤੀ ਜਾਏ, ਜਿਥੇ ਰਾਗ ਦੀ ਕੋਮਲਤਾ ਵਿੱਚ ਸ਼ੁੱਭ ਵਿਚਾਰ ਤੇ ਭਾਵ ਵੀ ਸਰੋਤਿਆਂ ਨੂੰ ਮਿਲਣ। ਇਸ ਲਈ ਕੀਰਤਨ ਸਿੱਖਾਂ ਦੀ ਵਿਸ਼ੇਸ਼ਤਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਨਿਰਾ ਆਕਾਰ ਦੇ ਲਿਹਾਜ਼ ਨਾਲ ਹੀ ਨਹੀਂ ਸਗੋਂ ਵਸਤੂ ਦੇ ਲਿਹਾਜ ਨਾਲ ਵੀ ਇੱਕ ਲਾਸਾਨੀ, ਮਹਾਨ ਤੇ ਉੱਤਮ ਗ੍ਰੰਥ ਹੈ। ਜਿਸ ਵਿੱਚ ਜਿੰਦਗੀ ਦੀ ਸਾਇੰਸ ਬਾਰੇ ਹਰ ਪਹਿਲੂ ਉਤੇ ਰੌਸ਼ਨੀ ਦਿੱਤੀ ਗਈ ਹੈ। ਜਿਥੇ ਸੰਸਾਰ ਦੇ ਹੋਰ ਧਾਰਮਕ ਗਰੰਥ ਅੰਧ ਵਿਸ਼ਵਾਸ਼ੀ ਯੁਗ ਦੇ ਬੇਜਾਨ, ਕਰਮ ਕਾਂਡ ਤੇ ਫਾਲਤੂ ਕਿੱਸੇ ਕਹਾਣੀਆਂ ਨਾਲ ਭਰੇ ਹੋਏ ਹਨ, ਇਸ ਦੇ ਉਲਟ ਗੁਰੂ ਗ੍ਰੰਥ ਸਾਹਿਬ ਵਿੱਚ ਜੀਵਨ ਸਿਧਾਂਤਾਂ ਉਤੇ ਵੀਚਾਰ ਕੀਤੀ ਗਈ ਹੈ। ਜਿਉਂ ਜਿਉਂ ਸਾਇੰਸ ਦਾ ਯੁਗ ਆ ਰਿਹਾ ਹੈ, ਗੁਰਬਾਣੀ ਦੀਆਂ ਕਈ ਤੁਕਾਂ ਜਿਹਾ, ਕਿ 'ਪਹਿਲਾ ਪਾਣੀ ਜੀਉ ਹੈ', 'ਸਸਿ ਘਰਿ ਸੂਰੁ ਸਮਾਵੈ', 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਆਦਿ ਦੀ ਸਾਇੰਸਦਾਨਾਂ ਨੂੰ ਸਮਝ ਪੈ ਰਹੀ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਦੀ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਕੇਵਲ ਗ੍ਰੰਥ ਨਹੀਂ ਸਗੋਂ ਸਿੱਖਾਂ ਦਾ ਪੂਜਨੀਕ ਗੁਰੂ ਵੀ ਹੈ। ਸਾਰੇ ਸੰਸਾਰ ਵਿੱਚ ਜਿੱਥੇ ਵੀ ਕੋਈ ਗੁਰੂ ਨਾਨਕ ਨਾਮ ਲੇਵਾ ਬੈਠਾ ਹੈ, ਉਹ ਗੁਰੂ ਗ੍ਰੰਥ ਸਾਹਿਬ ਨੂੰ ਸਵੇਰੇ ਤੇ ਸ਼ਾਮ ਆਪਣਾ ਮਸਤਕ ਝੁਕਾ ਕੇ, ਗੁਰੂ ਹੁਕਮਾਂ ਤੇ ਚੱਲਣ ਦਾ ਪ੍ਰਣ ਲੈਂਦਾ ਹੈ। ਸੰਸਾਰ ਦੇ ਕਿਸੇ ਵੀ ਹੋਰ ਗ੍ਰੰਥ ਨੂੰ 'ਗੁਰੂ' ਦੀ ਪਦਵੀ ਪ੍ਰਾਪਤ ਨਹੀਂ ਹੋਈ।

ਸਾਡੇ ਸਾਬਕਾ ਰਾਸ਼ਟਰਪਤੀ ਅਤੇ ਸੰਸਾਰ ਪ੍ਰਸਿੱਧ ਫਿਲਾਸਫਰ ਡਾਕਟਰ ਰਾਧਾ ਕਿਸ਼ਨ ਯੁਨੈਸਕੋ ਵਲੋਂ ਪ੍ਰਕਾਸ਼ਤ ਕੀਤੀ ਗਈ ਗੁਰਬਾਣੀ ਦੇ ਪੰਜ ਸੌ ਸ਼ਬਦਾਂ ਦੀ ਪੁਸਤਕ ਸਿੱਖਾਂ ਦੀਆਂ ਪਵਿੱਤਰ ਲਿਖਤਾਂ ਭੂਮਿਕਾ ਵਿੱਚ ਲਿਖਦੇ ਹਨ –

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਅਟੱਲ ਸਚਿਆਈਆਂ ਅਤੇ ਅਤੁੱਟ ਭਗਤੀ ਤੇ ਸਾਹਮਣੇ ਸਮੁੰਦਰਾਂ ਅਤੇ ਪਹਾੜਾਂ

ਦੇ ਸਾਰੇ ਹੱਦ ਬੰਨੇ ਜੋ ਇੱਕ ਦੇਸ਼ ਨੂੰ ਦੂਜੇ ਨਾਲੋਂ ਵੱਖ ਕਰਦੇ ਹਨ, ਹਟ ਜਾਣਗੇ।'

ਪ੍ਰੋਫੈਸਰ ਪੂਰਨ ਸਿੰਘ ਸ੍ਰੀ ਗੁਰੂ ਗਰੰਥ ਸਾਹਿਬ ਬਾਰੇ ਆਪਣੀ ਇੱਕ ਕਵਿਤਾ ਵਿੱਚ ਇਸ ਤਰ੍ਹਾਂ ਲਿਖਦੇ ਹਨ -

ਅਸੀਂ ਸਾਰਾ ਸੰਸਾਰ ਸੱਚ ਦੀ ਖੋਜ ਲਈ ਖੋਜ ਮਾਰਿਆ। ਅਸਾਂ ਇਧਰੋਂ ਉਧਰੋਂ ਚੰਗਾ ਤੇ ਚੰਗੀ ਵਿੱਤਰ ਅਰ ਸੋਹਣੀ ਵਸਤੂ ਚੁਣ ਲਿਆਂਦੀ, ਪੁਰਾਣੇ ਤੇ ਪਿਆਰਾਂ ਉੱਤੇ ਉੱਕਰੇ ਬਚਨ ਭੋਜ ਪੱਤਰਾਂ ਉੱਤੇ ਲਿਖੇ ਉੱਤਮ ਵਾਕ ਬੜੇ ਬੜੇ ਮਰੀਆਂ ਤੋਂ ਇਕੱਤਰ ਕੀਤੇ ਉਸ ਦੇ ਭਾਵ ਨਾਲ ਪੁਰਾਣੇ ਰਿਸ਼ੀਆਂ ਮੁਨੀਆਂ ਅਵਤਾਰਾਂ ਪੈਗੰਬਰਾਂ ਨੇ ਜੋ ਅਨੁਭਵ ਤੇ ਗਿਆਨ ਦੇ ਮੋਤੀ ਬਖਸ਼ੇ, ਲਦੇ ਹੋਏ ਅਸੀਂ ਵਾਪਸ ਮੁੜੇ ਤਾਂ ਪਤਾ ਲੱਗਾ ਕਿ ਉਹ ਸਾਰਾ ਅਮੋਲਕ ਭੰਡਾਰਾ, ਸੁੱਚੇ ਹੀਰੇ ਰਤਨਾਂ ਤੇ ਜਵਾਹਰਾਤ ਦਾ ਖਜ਼ਾਨਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਰੇਖਾਵਾਂ ਅੰਦਰ ਭਰਿਆ ਪਿਆ ਹੈ, ਜਿਸ ਦਾ ਪਾਠ ਅਸੀਂ ਆਪਣੀ ਮਾਤਾ ਜੀ ਤੋਂ ਸੁਣਿਆ ਕਰਦੇ ਸੀ।

ਅਮਰੀਕਾ ਦੀ ਪ੍ਰਸਿੱਧ ਲੇਖਕ ਤੇ ਨੋਬਲ ਇਨਾਮ ਪ੍ਰਾਪਤ ਕਰਨ ਵਾਲੀ ਇਸਤਰੀ ਸ੍ਰੀ ਮਤੀ ਪ੍ਰਬਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਪੜ੍ਹ ਕੇ ਜੋ ਰਾਏ ਲਿਖੀ ਹੈ, ਉਸ ਵਿਚੋਂ ਕੁੱਝ ਸਤਰਾਂ ਇਸ ਪ੍ਰਕਾਰ ਹਨ -

ਸ੍ਰੀ ਗੁਰੂ ਗਰੰਥ ਸਾਹਿਬ ਭਾਵਾਂ ਤੇ ਵਿਚਾਰਾਂ ਦਾ ਮੂਲ ਸੋਮਾ ਹੈ। ਇਸ ਵਿੱਚ ਮਨੁੱਖ ਦੀ ਰੂਹ ਦੀ ਇਕੱਲਤਾ ਦਾ ਪ੍ਰਗਟਾਵਾ ਹੈ, ਜੇ ਉਸ ਦੀਆਂ ਧੁਰ ਅੰਦਰ ਦੀਆਂ ਲੋਚਾਵਾਂ ਤੇ ਤਾਂਘਾਂ ਦਾ, ਉਸਦੀ ਰੱਬ ਵੱਲ ਝੀਣੀ ਪੁਕਾਰ ਦਾ ਤੇ ਉਸ ਦੀ ਰੱਬ ਨਾਲ ਇੱਕ ਸੁਰ ਹੋਣ ਦੀ ਤਾਂਘ ਅਤੇ ਭੁੱਖ ਦਾ।

ਮੈਂ ਬਾਕੀ ਮਹਾਨ ਧਰਮਾਂ ਦੀਆਂ ਧਰਮ ਪੁਸਤਕਾਂ ਪੜ੍ਹੀਆਂ ਹਨ। ਪਰ ਮੇਰੇ ਦਿਲ ਅਤੇ ਦਿਮਾਗ ਤੇ ਜੋ ਸ਼ਕਤੀਸ਼ਾਲੀ ਪ੍ਰਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਪਾਇਆ ਹੈ, ਉਹ ਮੈਨੂੰ ਹੋਰ ਕਿਤੋਂ ਨਹੀਂ ਲੱਭਿਆ। ਸ੍ਰੀ ਗੁਰੂ ਗਰੰਥ ਸਾਹਿਬ ਦਾ ਆਕਾਰ ਵੱਡਾ ਹੈ, ਪਰ ਉਸ ਵਿੱਚ ਭਾਵ ਦੀ ਏਕਤਾ ਹੈ ਤੇ ਉਸ ਵਿਚੋਂ ਮਨੁੱਖੀ ਦਿਲ ਦੀ ਹਰ ਡੂੰਘਾਈ ਤੇ ਵਿਸ਼ਾਲਤਾ ਦੀ ਧਾਰ ਪੈਂਦੀ ਹੈ ਜੋ ਰੱਬ ਦੇ ਪਵਿੱਤਰ ਤੋਂ ਪਵਿੱਤਰ ਤੇ ਅਗੰਮ ਤੋਂ ਅਗੰਮ ਚਿੱਤਰ ਤੋਂ ਲੈ ਕੇ ਮਨੁੱਖੀ ਸਰੀਰ ਦੀਆਂ ਵਕਤੀ ਲੋੜਾਂ ਤੀਕ ਸਭ ਕੁੱਝ ਨੂੰ ਆਪਣੇ ਕਲਾਵੇ ਵਿੱਚ ਲਈ ਬੈਠਾ ਹੈ।

ਪ੍ਰੋਫੈਸਰ ਆਰਨਲਡ ਟਾਇਨਬੀ ਇੰਗਲੈਂਡ ਦੇ ਮਸ਼ਹੂਰ ਲੇਖਕ ਤੇ ਇਤਿਹਾਸਕਾਰ ਗੁਰੂ ਗ੍ਰੰਥ ਸਾਹਿਬ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ -

ਭਾਵੇਂ ਇਨਸਾਨੀ ਧਰਮ ਦਾ ਭਵਿੱਖ ਹਨੇਰੇ ਵਿੱਚ ਹੈ, ਫਿਰ ਵੀ ਇੱਕ ਗੱਲ ਵੇਖੀ ਜਾ ਸਕਦੀ ਹੈ, ਉਹ ਇਹ ਹੈ ਕਿ ਮੌਜੂਦਾ ਵੱਡੇ ਧਰਮ ਇੱਕ ਦੂਜੇ ਉੱਤੇ ਪਹਿਲੇ ਨਾਲੋਂ ਵਧੇਰੇ ਅਸਰ ਪਾਉਣਗੇ, ਕਿਉਂ ਜੋ ਅੱਜ ਕੱਲ੍ਹ ਦੁਨੀਆਂ ਦੇ ਹਰ ਹਿੱਸੇ ਵਿੱਚ ਆਵਾਜਾਈ ਦੇ ਸਾਧਨ ਅਤੇ ਲੋਕਾਂ ਦੇ ਆਪਸ ਦੇ ਵਿਚਾਰ ਜਾਂ ਗੱਲਬਾਤ ਵਿੱਚ ਸਿੱਖ ਧਰਮ ਅਤੇ ਉਸ ਦਾ ਧਰਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਬਾਕੀ ਦੁਨੀਆਂ ਨੂੰ ਇਕ ਖਾਸ ਵਡਮੁੱਲੀ ਚੀਜ਼ ਭੇਟਾ ਕਰੇਗਾ ਕਿਉਂਕਿ ਇਸ ਦਾ ਖਜ਼ਾਨਾ ਆਤਮਕ ਸ਼ਾਂਤੀ ਦਾ ਅਮੁੱਕ ਸੋਮਾ ਹੈ। (ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ।

## ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ

(ਨਿਰਮਲ ਸਿੰਘ ਥਲੀ ਖੁਰਦ, ਰੋਪੜ)

ਭਿੰਨੀ ਭਿੰਨੀ ਰੈਣ ਪਏ ਚਮਕਣ ਤਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਧੰਨ ਇਹ ਵੇਲਾ ਐਸੀ ਮਿਲਣੀ ਇਕਾਂਤ ਨਾ।
ਨਾਮ ਤੋਂ ਬਗੈਰ ਵੇ ਤੂੰ ਹੋਣਾ ਮਨਾਂ ਸ਼ਾਂਤ ਨਾ।
ਨੀਂਦ ਨੂੰ ਤਿਆਗ ਲੈ ਲਾ ਨਾਮ ਦੇ ਹੁਲਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਜਿਹੜੇ ਗੁਰੂ ਪਿਆਰੇ ਅੰਮ੍ਰਿਤ ਵੇਲੇ ਨੂੰ ਸੰਭਾਲਦੇ।
ਦਿਨ-ਰਾਤ ਨਾਮ ਦੀਆਂ ਘਾਲਣਾਂ ਨੇ ਘਾਲਦੇ।
ਉਹਨਾਂ ਤਾਂਈਂ ਗੁਰੂ ਸਾਹਿਬ ਦਿੰਦੇ ਨੇ ਦਿਦਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਜਪ ਜਪ ਨਾਮ ਐਸੀ ਰੂਹ ਨਸ਼ਿਆਉਂਦੀ ਏ।
ਅਗੰਮ ਦੇ ਸਮੁੰਦਰੀਂ ਇਹ ਟੁੱਭੀ ਜਦ ਲਾਉਂਦੀ ਏ।
ਗੁਰੂ ਗੋਦ ਵਾਲੇ ਤੂੰ ਵੀ ਮਾਣ ਲੈ ਨਜ਼ਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਮਿਲਣਾ ਨੀ ਮੌਕਾ ਤੈਨੂੰ ਫੇਰ ਦੂਜੀ ਵਾਰ ਵੇ।
ਮਾਇਆ ਵਿੱਚ ਭੁੱਲਕੇ ਨਾ ਵਕਤ ਗੁਜ਼ਾਰ ਵੇ।
ਇੱਥੇ ਰਹਿ ਜਾਣੇ ਤੇਰੇ ਕੰਮ-ਕਾਰ ਸਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।

# ਗੁਰੂ ਮਾਨੀਓ ਗ੍ਰੰਥ

*(ਗੁਰਪੁਰਵਾਸੀ ਭਾਈ ਰਣਧੀਰ ਸਿੰਘ ਜੀ)*

ਪ੍ਰਸਿਧ ਵਿਦਵਾਨ ਇਤਿਹਾਸਕਾਰ ਆਰਨਲਡ ਟਾਇਨਬੀ ਨੇ ਲਿਖਿਆ ਹੈ ਕਿ ਜਦੋਂ ਸਾਰਾ ਜਗਤ ਕੋਈ ਧਰਮ ਅਪਣਾਏਗਾ ਤਾਂ ਉਹ ਧਰਮ ਅੱਜ ਦੇ ਰਸਮੀ ਕਰਮ-ਕਾਂਡਾਂ ਜਾਂ ਮਿਥਿਹਾਸ ਵਾਲਾ ਨਹੀਂ ਹੋਵੇਗਾ, ਸਗੋਂ ਉਸਦਾ ਮੂਲ-ਅਧਾਰ 'ਸੇਵਾ ਤੇ ਸ਼ਬਦ' ਹੋਵੇਗਾ। ਉਥੇ ਹੀ ਉਸਨੇ ਉਦਾਹਰਨ ਵਜੋਂ ਕਿਹਾ ਹੈ ਕਿ ਸੇਵਾ ਦਾ ਆਦਰਸ਼ ਤਾਂ ਇਸਾਈਆਂ ਨੇ ਅਪਣਾ ਲਿਆ ਤੇ ਸ਼ਬਦ ਦਾ ਪ੍ਰਯੋਗ ਸਿੱਖ ਧਰਮ ਦੀ ਗ੍ਰੰਥ-ਪੂਜਾ ਤੋਂ ਦੇਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਹ ਮੁੱਢ ਤੋਂ ਹੀ ਦੇਖ ਲਿਆ ਸੀ ਕਿ ਜੇ ਧਰਮ ਨੇ ਸਰਬ-ਵਿਆਪੀ ਬਣਨਾ ਹੈ ਤਾਂ ਸ਼ਬਦ ਨੂੰ ਹੀ ਪਹਿਲ ਦੇਣੀ ਹੋਵੇਗੀ ਅਤੇ ਲੋਕਾਂ ਨੂੰ ਸ਼ਖਸੀ ਪੂਜਾ ਤੋਂ ਹਟਾਉਣਾ ਪਵੇਗਾ। ਗੁਰੂ ਜੀ ਨੇ ਹਰ ਵੇਲੇ, ਹਰ ਥਾਂ ਅਤੇ ਹਰ ਇਕ ਨੂੰ ਸ਼ਬਦ ਦੇ ਹੀ ਲੜ ਲਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਕਰਾਮਾਤ ਹੀ ਸ਼ਬਦ ਨੂੰ ਕਿਹਾ ਹੈ, ਜਦ ਸਿੱਧਾਂ ਨੇ ਕੋਈ, ਕਰਾਮਾਤ ਦਿਖਾਉਣ ਲਈ ਆਖਿਆ ਤਦ ਹੀ ਆਪ ਨੇ ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ' ਹੀ ਫੁਰਮਾਇਆ। ਜਦ ਫਿਰ ਸਿਧਾਂ ਨੇ ਗੁਰੂ ਨਾਨਕ ਜੀ ਨੂੰ ਇਤਨੀ ਵੱਡੀ ਸ਼ਕਤੀ ਦੇ ਮਾਲਕ ਹੋਣ ਦਾ ਰਹੱਸ ਪੁਛਿਆ ਤਾਂ ਭੀ ਆਪ ਜੀ ਨੇ ਗੁਰ-ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ।' ਹੀ ਕਿਹਾ। ਭਾਈ ਗੁਰਦਾਸ ਜੀ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਦੁਆਰਾ ਹੀ ਸਾਰੀ ਪ੍ਰਿਥਵੀ ਜਿੱਤੀ ਅਤੇ ਜਗਿਆਸੂਆਂ ਲਈ ਨਵਾਂ ਨਿਵੇਕਲਾ ਅਤੇ ਅਲੌਕਿਕ ਰਾਹ ਬਣਾਇਆ।

ਸਿੱਧਾਂ ਨੇ ਅੱਚਲ ਵਟਾਲੇ ਵਿਚ ਇਕ ਵਾਰੀ ਫਿਰ ਗੁਰੂ ਨਾਨਕ ਜੀ ਨੂੰ ਜ਼ੋਰ ਕਰਨ ਲਈ, ਆਪਣੇ ਮੱਤ ਦਾ ਅਨੁਯਾਈ ਬਨਾਣ ਲਈ, ਸਿਰ ਤੋੜ ਕੋਸ਼ਿਸ਼ ਕੀਤੀ। ਉਹਨਾਂ ਸਵਾਲਾਂ ਦੀ ਬੁਛਾੜ ਕੀਤੀ ਤੇ ਪੁੱਛਿਆ -

*ਕਵਣ ਮੂਲੁ, ਕਵਣ ਮਤਿ ਵੇਲਾ॥*
*ਤੇਰਾ ਕਵਣੁ ਗੁਰੂ ਜਿਸ ਕਾ ਤੂੰ ਚੇਲਾ॥੪੩॥*

*ਅੰਗ - ੯੪੨*

*ਕਵਣ ਕਥਾ ਲੇ ਰਹਹੁ ਨਿਰਾਲੇ॥*
*ਬੋਲੈ ਨਾਨਕੁ ਸੁਣਹੁ ਤੁਮ ਬਾਲੇ॥*
*ਏਸੁ ਕਥਾ ਕਾ ਦੇਇ ਬੀਚਾਰੁ॥*
*ਭਵਜਲੁ ਸਬਦਿ ਲੰਘਾਵਣਹਾਰੁ॥੪੩॥*

*ਅੰਗ - ੯੪੨-੪੩*

ਜੀਵਨ ਦਾ ਮੂਲ ਕੀ ਹੈ, ਕਿਹੜੀ ਸਿੱਖਿਆ ਲੈਣ ਦਾ ਵੇਲਾ ਹੈ ਅਤੇ ਤੂੰ ਕਿਸ ਗੁਰੂ ਦਾ ਚੇਲਾ ਹੈਂ? ਫਿਰ ਉਹਨਾਂ ਇਹ ਭੀ ਕਿਹਾ, ਬਾਲੇ ਨਾਨਕ, ਸਾਨੂੰ ਦੱਸ, ਸ਼ਬਦ ਦੇ ਰਾਹੀਂ ਗੁਰੂ ਇਸ ਜੀਵ ਨੂੰ ਸੰਸਾਰ-ਸਮੁੰਦਰ ਤੋਂ ਪਾਰ ਕਰਨ ਦੇ ਸਮਰੱਥ ਕਿਵੇਂ ਹੈ?'

ਗੁਰੂ ਜੀ ਨੇ ਉਨ੍ਹਾਂ ਨੂੰ ਉਤਰ ਦਿੱਤਾ ਕਿ ਪ੍ਰਾਣ ਹੀ ਹਸਤੀ ਦਾ ਮੁੱਢ ਹਨ। ਇਹ ਮਨੁੱਖਾ ਜਨਮ ਦਾ ਸਮਾਂ ਹੀ ਸਤਿਗੁਰਾਂ ਦੀ ਸਿਖਿਆ ਲੈਣ ਦਾ ਸਮਾਂ ਹੈ। ਸ਼ਬਦ ਮੇਰਾ ਗੁਰੂ ਹੈ ਆਪਣੀ ਸੁਰਤ ਨੂੰ, ਜਿਸ ਵਿਚ ਸ਼ਬਦ ਦੀ ਧੁਨੀ ਵਜਦੀ ਹੈ, ਚੇਲਾ ਬਣਾਇਆ ਹੈ -

*ਪਵਨ ਅਰੰਭੁ, ਸਤਿਗੁਰ ਮਤਿ ਵੇਲਾ॥*
*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ੪੪॥*

*ਅੰਗ - ੯੪੩*

ਫਿਰ ਪਾਤਸ਼ਾਹ ਨੇ ਕਿਹਾ ਕਿ ਅਕੱਥ ਪ੍ਰਭੂ ਦੇ ਗੁਣ ਗਾ ਗਾ ਕੇ ਮਾਇਆ ਤੋਂ ਨਿਰਲੇਪ ਰਹਿੰਦਾ ਹਾਂ ਅਤੇ ਇਹ ਸੋਝੀ ਆ ਜਾਂਦੀ ਹੈ ਕਿ ਉਹ ਗੁਰ ਗੋਪਾਲ ਹਰੇਕ ਜੁਗ ਵਿਚ ਮੌਜੂਦ ਹੈ। ਉਸਦੇ ਗੁਣ ਕੇਵਲ ਗੁਰ-ਸ਼ਬਦ ਰਾਹੀਂ

ਹੀ ਗਾਏ ਤੇ ਵਿਚਾਰੇ ਜਾ ਸਕਦੇ ਹਨ ਅਤੇ ਇਹ ਸ਼ਬਦ ਹੀ ਹਉਮੈ ਦੀ ਅੱਗ ਨੂੰ ਅੰਦਰੋਂ ਦੂਰ ਕਰਦਾ ਹੈ -

*ਅਕਥ ਕਥਾ ਲੇ ਰਹਉ ਨਿਰਾਲਾ॥*
*ਨਾਨਕ ਜੁਗਿ ਜੁਗਿ ਗੁਰ ਗੋਪਾਲਾ॥ ਅੰਗ - ੯੪੩*

ਸਿੱਧਾਂ ਦਾ ਖਿਆਲ ਸੀ ਕਿ ਗੁਰੂ ਨਾਨਕ ਨੂੰ ਨਿਗੂਣਾ ਸਾਬਤ ਕਰ ਕੇ ਉਸਦੇ ਸਾਰੇ ਹੀ ਸਿਧਾਂਤਾਂ ਦੀ ਕਮਜੋਰੀ ਪ੍ਰਗਟਾਅ ਦਿਆਂਗੇ, ਪਰ ਗੁਰੂ ਜੀ ਦੇ ਉਤਰਾਂ ਨੇ ਉਨ੍ਹਾਂ ਨੂੰ ਨਿਰੁੱਤਰ ਕਰ ਦਿਤਾ ਅਤੇ ਨਮਸ਼ਕਾਰ ਕਰਕੇ 'ਧੰਨੁ ਨਾਨਕ ਤੇਰੀ ਵਡੀ ਕਮਾਈ' ਕਹਿ ਕੇ ਵਾਪਸ ਚਲੇ ਗਏ। ਅਤੇ ਲੋਕੀ ਸਮਝ ਗਏ ਕਿ ਸੰਸਾਰ-ਸਮੁੰਦਰ ਤੱ ਤਰਨ ਦਾ ਰਾਹ 'ਸੁਰਤਿ ਦਾ ਸ਼ਬਦ' ਵਿਚ ਟਿਕਾਉਣਾ ਹੈ।

*ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ॥੫॥ ਅੰਗ - ੯੩੮*

ਫਿਰ ਜਦੋਂ ਆਪ ਜੀ ਭਾਈ ਲਹਿਣਾ ਜੀ ਨੂੰ ਗੁਰ-ਗੱਦੀ ਦੇਣ ਲੱਗੇ ਤਾਂ ਵੀ ਸ਼ਬਦ ਅੱਗੇ ਹੀ ਸਿਰ ਨਿਵਾਉਣ ਲਈ ਕਿਹਾ ਅਤੇ ਫ਼ੁਰਮਾਇਆ ਕਿ ਬਾਣੀ ਨੇ ਹੀ ਸਭ ਨੂੰ ਅਗਵਾਈ ਦੇਣੀ ਹੈ -

*ਸ਼ਬਦੁ ਗੁਰ ਪੀਰਾ ਗਹਿਰ ਗੰਭੀਰਾ,*
*ਬਿਨੁ ਸਬਦੈ ਜਗੁ ਬਉਰਾਨੰ॥੮॥੧॥ ਅੰਗ - ੬੩੫*

ਜਨਮ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਪ੍ਰਸੰਨ ਹੋਕਰ ਬਾਣੀ ਦਾ ਖਜਾਨਾ ਗੁਰੂ ਅੰਗਦ ਦੇਵ ਜੀ ਦੇ ਹਵਾਲੇ ਕੀਤਾ। ਮੇਹਰਬਾਨ ਵੀ ਆਪਣੀ ਸਾਖੀ ਵਿਚ ਲਿਖਦਾ ਹੈ, ਤੱਬ ਗੁਰੂ ਨਾਨਕ ਜੀ ਗੁਰੂ ਅੰਗਦ ਕਉ 'ਸ਼ਬਦ ਕੀ ਥਾਪਣਾ ਦੇਕਰ ਸੰਮਤ ੧੫੯੬, ਅਸੂ ਵਦੀ ਦਸਮੀ, ਕਉ ਆਪ ਸਚ-ਖੰਡ ਸਿਧਾਰੇ॥ ਮਹੱਤਵਪੂਰਨ ਗੱਲ ਇਹ ਹੈ ਕਿ ਸ਼ਬਦ ਨੂੰ ਯੋਗ ਤੇ ਪੂਰਨ ਵਡਿਆਈ ਦੀ ਥਾਂ ਗੁਰੂ ਨਾਨਕ ਜੀ ਨੇ ਹੀ ਦੇਣਾ ਅਰੰਭ ਕਰ ਦਿੱਤਾ ਸੀ। ਗੁਰੂ ਅਰਜਨ ਦੇਵ ਜੀ ਤੱਕ ਇਹ ਮਰਯਾਦਾ ਪੱਕੀ ਹੋ ਗਈ ਅਤੇ ਗੁਰੂ ਅਰਜਨ ਦੇਵ ਜੀ ਨੇ ਬਖਸ਼ਸ਼ ਕਰਦੇ ਹੋਏ ਸਾਰੀ ਬਾਣੀ, ਜੋ ਪੋਥੀਆਂ ਦੀ ਸ਼ਕਲ ਵਿਚ ਉਹਨਾਂ ਕੋਲ ਸੀ, ਉਸਨੂੰ ਪੋਥੀ ਸਾਹਿਬ ਵਿਚ ਸੰਪਾਦਿਤ ਕੀਤਾ। ਗੁਰੂ ਨਾਨਕ ਜੀ ਉਦਾਸੀਆਂ ਸਮੇਂ 'ਬਾਣੀ' ਆਪਣੀ 'ਕਿਤਾਬ' ਵਿਚ ਦਰਜ ਕਰਦੇ ਜਾਂਦੇ ਸਨ। ਭਾਈ ਗੁਰਦਾਸ ਜੀ ਦੀ ਗਵਾਹੀ ਅਨੁਸਾਰ 'ਕਿਤਾਬ' ਉਹ ਸਦਾ ਪਾਸ ਰਖਦੇ ਸਨ। ਇਹ ਖ਼ਜਾਨਾ ਗੁਰੂ ਨਾਨਕ ਸਾਹਿਬ ਤੋਂ ਗੁਰੂ ਅੰਗਦ ਸਾਹਿਬ, ਫਿਰ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਪਾਸ ਗੁਰ-ਗੱਦੀ ਦੀ ਰਸਮ ਸਮੇਂ ਪੁਜਦਾ ਰਿਹਾ। ਗੁਰੂ ਅਰਜਨ ਦੇਵ ਜੀ ਨੇ ਆਪਣੀ ਨਿਗਰਾਨੀ ਵਿਚ ਭਾਈ ਗੁਰਦਾਸ ਜੀ ਨੂੰ ਲਿਖਣ ਦਾ ਕੰਮ ਸੌਂਪਿਆ। ਗੁਰੂ ਜੀ ਨੇ ਗੁਰੂ ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਭਗਤਾਂ ਦੀ ਬਾਣੀ, ਸੱਤਾ ਬਲਵੰਡ ਦੀ ਆਖੀ ਵਾਰ, ਸੁੰਦਰ ਦਾ ਲਿਖਿਆ ਰਾਮਕਲੀ ਵਿਚ ਸੱਦ ਅਤੇ ਭੱਟਾਂ ਦੇ ਉਚਾਰੇ, ਕੁਲ ੧੨੩ ਸਵਈਏ ਦਰਜ ਕਰ ਕੇ 'ਆਦਿ ਗੁਰੂ ਗ੍ਰੰਥ, ਭਾਦਰੋਂ ਵਦੀ ਏਕਮ ਨੂੰ ਸੰਪੂਰਨ ਕੀਤਾ ਅਤੇ ਪੂਰੇ ਪੰਦਰਾਂ ਦਿਨਾਂ ਬਾਅਦ ਭਾਦਰੋਂ ਸੁਦੀ ਏਕਮ, ਸੰਨ ੧੬੦੪ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕੀਤਾ ਅਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ। ਉਸ ਦਿਨ ਵਾਕ ਆਇਆ ਸੀ-

*ਵਿਚਿ ਕਰਤਾ ਪੁਰਖੁ ਖਲੋਆ॥*
*ਵਾਲੁ ਨ ਵਿੰਗਾ ਹੋਆ॥ ਅੰਗ - ੬੨੩*

ਗੁਰੂ ਅਰਜਨ ਜੀ ਨੇ ਅੰਤਕਾ 'ਮੁੰਦਾਵਣੀ' ਪਾ ਕੇ ਸਾਰੇ ਵਿਸ਼ਵ ਲਈ, ਆਤਮਿਕ ਕੁੰਡ ਪ੍ਰਾਪਤ ਕਰਨ ਲਈ ਜੁਗਤੀ ਦੱਸੀ। ਮੁੰਦਾਵਣੀ ਸੰਸਕ੍ਰਿਤ ਦੇ ਅਪਰ ਮੁੱਦਾ ਤੋਂ ਬਣਿਆ ਹੈ ਅਤੇ ਮੁੱਦਾ ਦੇ ਅਰਥ ਹਨ ਪ੍ਰਸੰਨ ਕਰਨਾ ਅਤੇ ਮੁੰਦਾਵਣੀ ਦੇ ਅਰਥ ਹਨ ਆਤਮਕ ਪ੍ਰਸੰਨਤਾ ਦੇਣ ਵਾਲੀ ਵਸਤੂ। ਆਤਮਕ ਪ੍ਰਸੰਨਤਾ ਤਾਂ ਹੀ ਮਿਲੇਗੀ, ਜੇ ਪੁਰਸ਼ ਹਿਰਦੇ ਰੂਪੀ ਥਾਲ ਵਿਚ ਉੱਚਾ ਆਚਰਨ, ਸੰਤੋਖ ਅਤੇ ਆਤਮਕ ਜੀਵਨ ਦੀ ਸੂਝ ਰੱਖੇਗਾ। ਕੋਈ ਪੁਰਸ਼ ਇਨ੍ਹਾਂ ਨੂੰ ਤਿਆਗ ਕੇ ਸੁਖ ਨਹੀਂ ਲੈ ਸਕਦਾ। ਇਸ ਦੀ ਬਰਕਤ ਦਾ ਸਦਕਾ ਪ੍ਰਭੂ ਦੇ ਦਰ ਜਾਣ ਲਈ ਵਿਕਾਰਾਂ ਤੋਂ ਬਣਿਆ ਘੁੱਪ-ਹਨੇਰਾ-ਸੰਸਾਰ-ਸਮੁੰਦਰ ਤਰਿਆ ਜਾ ਸਕੇਗਾ ਅਤੇ ਹਰ ਥਾਂ ਪ੍ਰਮਾਤਮਾ ਹੀ ਪ੍ਰਮਾਤਮਾ ਦਿਸੇਗਾ। ਜ਼ਿੰਦਗੀ ਦਾ ਮੂਲ ਹੀ ਇਹ ਹੈ ਕਿ ਪ੍ਰਮਾਤਮਾ ਤੇ ਉਸਦਾ ਪ੍ਰਕਾਸ਼ ਹਰ ਥਾਂ ਵੇਖਣਾ। 'ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥', ਇਹ ਹੀ ਜਪ, ਸਿਮਰਨ, ਨਾਮ, ਰਜ਼ਾ, ਨਦਰ ਦਾ ਸਿੱਟਾ ਹੈ। ਗੁਰੂ ਸਾਹਿਬਾਂ ਨੇ ਕੁਲ ਰਲਾ ਕੇ ੩੦ ਰਾਗਾਂ ਵਿਚ ਬਾਣੀ ਲਿਖੀ ਹੈ, ਜਿਸ ਵਿਚ ਇਤਨੀ ਇਹਤਿਆਤ ਵਰਤੀ ਕਿ ਕੋਈ ਭੜਕਾਊ, ਗਰਮਾਉ ਅਤੇ ਅਤਿ ਹਰਖ ਜਾਂ ਸੋਗ ਦਾ ਰਾਗ ਨਹੀਂ ਵਰਤਿਆ। ਸਿੱਖੀ ਨਾ ਤਾਂ ਸੋਗ ਦਾ ਨਾਮ ਹੈ ਅਤੇ ਨਾ ਹੀ ਆਫਰ ਆਫਰ ਕੇ ਫਿਰਨ ਦਾ। ਸਿੱਖੀ ਸਹਿਜ ਦਾ ਮਾਰਗ ਹੈ। ਮੀਰਾਂ, ਚੰਡੀਦਾਸ, ਚੇਤਨ ਆਦਿ ਦੀਆਂ ਰਚਨਾਵਾਂ ਨੂੰ ਨਾ ਦਰਜ

ਕਰਨ ਦਾ ਕਾਰਨ ਇਹ ਹੀ ਸੀ ਕਿ ਉਹ ਜਜ਼ਬੇ ਦੇ ਵੇਗ ਨੂੰ ਨ ਰੋਕ ਸਕੇ।

ਜਜ਼ਬਾ ਡੁਲ੍ਹ ਡੁੱਲ੍ਹ ਪੈਣਾ ਸਿੱਖੀ ਦਾ ਰਾਹ ਨਹੀਂ ਹੈ। ਸਿੱਖੀ ਸਮੁੰਦਰ ਵਾਂਗ ਸ਼ਾਂਤ ਹੈ।

ਗੁਰੂ ਨਾਨਕ ਜੀ ਨੇ ਸੰਸਾਰ ਦੀ ਨਜ਼ਰ ਵਿਚ ਨੀਵਿਆਂ (ਨਿਮਾਣਿਆਂ) ਦੀ ਬਾਣੀ ਇਕੋ ਥਾਂ ਦਰਜ ਕਰਕੇ ਧਰਮਾਂ ਦੇ ਇਤਿਹਾਸ ਵਿਚ ਇਕ ਨਵਾਂ ਨਾਅਰਾ ਦਿੱਤਾ। ਹਿੰਦੁਸਤਾਨ ਜਿਸ ਭਾਵੁਕ ਏਕਤਾ ਲਈ ਦੁਹਾਈਆਂ ਪਾ ਰਿਹਾ ਹੈ ਅਤੇ ਸੰਸਾਰ-ਏਕਤਾ ਲਈ ਤਰਲੇ ਲੇ ਰਿਹਾ ਹੈ, ਉਹ ਤਦ ਹੀ ਹੋ ਸਕੇਗੀ ਜੇਕਰ ਗੁਰੂ ਗ੍ਰੰਥ ਸਾਹਿਬ ਦਾ ਦਸਿਆ ਮਾਰਗ ਅਪਨਾਇਆ ਜਾਏਗਾ। ਗੁਰੂ ਮਹਾਰਾਜ ਦਾ ਸਿਧਾਂਤ ਹੈ ਕਿ ਹਰ ਇਕ ਨੂੰ ਹੱਕ ਹੈ ਆਪਣਾ ਸਾਜ਼ ਵਜਾਉਣ ਦਾ, ਸੁਰ ਕੱਢਣ ਦਾ, ਪਰ ਇਹ ਕਿਸੇ ਨੂੰ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿ ਦੂਸਰੇ ਨੂੰ ਵਜਾਉਣ ਤੋਂ ਰੋਕੇ ਜਾਂ ਮਨਾ ਕਰੇ। ਇਹ ਨਿਰੋਲ ਗੁਰੂ ਸਾਹਿਬ ਜੀ ਹਨ ਜਿਥੇ ਹਰ ਇਕ ਨੇ ਆਪਣੀ ਵੀਚਾਰ ਨਿੜੱਕ ਹੋ ਕੇ ਦੱਸੀ ਹੈ। ਇਥੇ ਬਾਬਾ ਫਰੀਦ ਜੀ ਆਖਦੇ ਹਨ -

***ਉਠ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥***
***ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰੁ ਕਪਿ ਉਤਾਰਿ॥੭੧॥***

ਅਤੇ

***ਫਰੀਦਾ ਬੇ ਨਿਵਾਜਾ ਕੁਤਿਆ, ਏਹ ਨ ਭਲੀ ਰੀਤਿ॥***
***ਕਬਹੀ ਚਲਿ ਨ ਆਇਆ, ਪੰਜੇ ਵਖਤ ਮਸੀਤਿ॥***

***ਅੰਗ - ੧੩੮੧***

ਜੇਕਰ ਇਨ੍ਹਾਂ ਦਾ ਅਖਰੀ ਅਮਲ ਹੋਵੇ ਤਾਂ ਹਰ ਇਕ ਸਿੱਖ ਨੂੰ ਪੰਜ ਵਾਰੀ ਨਮਾਜ਼ ਗੁਜ਼ਾਰਨੀ ਤੇ ਮਸੀਤ ਜਾਣਾ ਚਾਹੀਦਾ ਹੈ। ਪਰ ਇਹ ਤਾਂ ਗੁਰੂ ਧਰਮ ਦੀ ਸਾਂਝ, ਭਾਵੁਕ ਏਕਤਾ ਦੀ ਜਾਚ, ਤੇ ਮਿਲਵਰਤਣ ਦਾ ਢੰਗ ਸਿਖਾ ਰਹੇ ਹਨ। ਮੰਤਵ, ਮਕਸਦ ਤੇ ਨਿਸ਼ਾਨਾ ਤਾਂ ਅਲ੍ਹਾ ਪਾਕ ਦੀ ਯਾਦ ਤੇ ਪ੍ਰਭੂ ਦਾ ਸਿਮਰਨ ਹੈ। ਫਰੀਦ ਜੀ ਉਸ ਲਈ ਆਪਣੇ ਢੰਗ ਨਾਲ ਜ਼ੋਰਦਾਰ ਅਵਾਜ਼ ਉਠਾਂਦੇ ਹਨ, ਜੋ ਉਹਨਾਂ ਨੂੰ ਪੂਰਾ ਹੱਕ ਹੈ।

ਬੋਲੀ ਬਾਰੇ ਭੀ ਗੁਰੂ ਗ੍ਰੰਥ ਸਾਹਿਬ ਜੀ ਨੇ ਸਦੀਆਂ ਤੋਂ ਚਲੀ ਆ ਰਹੀ ਧਾਰਣਾ ਨੂੰ ਸਪਸਟ ਕੀਤਾ ਹੈ। ਮੁਸਲਮਾਨ ਅਰਬੀ, ਤੇ ਹਿੰਦੂ ਦੇਵਬਾਣੀ ਸੰਸਕ੍ਰਿਤ ਸਮਝਦੇ ਹਨ। ਗੁਰੂ ਗ੍ਰੰਥ ਸਾਹਿਬ ਨੇ ਸਮਝਾਇਆ ਹੈ ਕਿ ਅਲਾਹ, ਪ੍ਰਮਾਤਮਾ, ਵਾਹਿਗੁਰੂ ਦੀ ਕੋਈ ਬੋਲੀ ਨਹੀਂ, ਉਸਦੀ ਬੋਲੀ ਕੇਵਲ ਪਿਆਰ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਹਰ ਪ੍ਰਾਂਤ, ਹਰ ਦੇਸ਼, ਹਰ ਇਲਾਕੇ ਤੇ ਹਰ ਧਰਮ ਦੇ ਸ਼ਬਦ ਮਿਲਦੇ ਹਨ। ਡਾ: ਬਾਹਰੀ ਨੇ ਬਹੁਤ ਸੁੰਦਰ ਗੱਲ ਆਖੀ ਹੈ, ਜੇ ਕਦੀ ਹਿੰਦੁਸਤਾਨ ਨੇ ਇਕ ਸਾਂਝੀ ਬੋਲੀ ਅਪਣਾਈ ਤਾਂ ਉਹ ਕੇਵਲ ਸੁਖਮਨੀ ਸਾਹਿਬ ਵਾਲੀ ਹੀ ਹੋ ਸਕੇਗੀ। ਇਕ ਗੱਲ ਹੋਰ, ਜੇ ਕੋਈ ਇਸਨੂੰ ਧਾਰਮਕ ਪੁਸਤਕ ਕਹਿ ਕੇ ਸਿਰ ਨਾ ਨਿਵਾਏ ਤਾਂ ਭੀ ਉਸਨੂੰ ਇਸਦੇ ਸਾਹਿਤਕ ਸਵਾਦ ਅਤੇ ਆਤਮਕ ਬੁਲੰਦੀ ਅੱਗੇ ਸਿਰ ਝੁਕਾਉਣਾ ਹੀ ਪਵੇਗਾ। ਸੱਚ ਦਾ ਸਹੀ ਸਰੂਪ, ਗੁਰੂ ਗ੍ਰੰਥ ਸਾਹਿਬ ਵਰਗਾ ਲੱਭਣਾ ਅਸੰਭਵ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਐਸੇ ਗੁਰੂ ਨੂੰ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕਰ ਕੇ ਸਾਰੇ ਜਗਤ ਉਤੇ ਇਕ ਸਦੀਵੀ ਪਰਉਪਕਾਰ ਕੀਤਾ ਹੈ। ਇਤਿਹਾਸ ਕਹਿੰਦਾ ਹੈ ਕਿ ਆਪਣੇ ਲਈ ਗੁਰੂ ਅਰਜਨ ਦੇਵ ਜੀ ਨੇ ਲਾਗੇ ਹੀ ਇਕ ਟੋਆ ਖੁਦਵਾਇਆ ਤੇ ਉਸ ਵਿਚ ਆਪ ਜੀ ਆਸਣ ਲਗਾ ਕੇ ਬੈਠੇ। ਇਸ ਤੋਂ ਉਹਨਾਂ ਦਾ ਭਾਵ ਇਹ ਸੀ ਕਿ ਅਸਲ ਗੁਰੂ 'ਸ਼ਬਦ' ਹੈ ਤੇ ਉਸਦਾ ਸਤਿਕਾਰ ਜ਼ਿਆਦਾ ਜ਼ਰੂਰੀ ਹੈ। ਸਰੀਰ ਨਾਸ਼ਵੰਤ ਹੈ, ਸ਼ਬਦ ਸਦੀਵੀ ਹੈ। ਬਾਣੀ ਸੂਖਮ ਹੈ ਅਤੇ ਆਤਮਾ ਭੀ ਸੂਖਮ ਹੈ। ਮੇਲ ਦੋਨਾਂ ਦਾ ਕਰਨਾ ਤੇ ਕਰਾਉਣਾ ਹੈ।

ਇਸੇ ਹੀ ਵੀਚਾਰਧਾਰਾ ਦਾ ਪ੍ਰਚਾਰ ਛੇਵੇਂ, ਸਤਵੇਂ ਤੇ ਅਠਵੇਂ ਪਾਤਸ਼ਾਹ ਨੇ ਕੀਤਾ। ਨਾਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ੫੭ ਸਲੋਕ ਤੇ ੩੧ ਸ਼ਬਦ ਰਲਾ ਕੇ ਇਸ ਆਦਿ ਗੁਰੂ ਗ੍ਰੰਥ ਜੀ ਨੂੰ ਅੱਜ ਦਾ ਸਰੂਪ ਦਿੱਤਾ। ਇੱਕ ਹੋਰ ਰਾਗ ਜੈਜਾਵੰਤੀ ਭੀ ਆਪ ਨੇ ਵਰਤਿਆ।

ਗੁਰੂ ਗੋਬਿੰਦ ਸਿੰਘ ਜੀ ਨੇ 'ਸਰੀਰਕ ਗੁਰੂ' ਨੂੰ ਸੰਕੋਚ ਲਿਆ ਤੇ 'ਜੁਗਤ' ਪੰਥ ਦੇ ਹਵਾਲੇ ਕਰ ਦਿਤੀ ਤੇ 'ਜੋਤਿ' ਨੂੰ ਬਖ਼ਸ਼ੀ। ਇਸ ਪ੍ਰਕਾਰ ਆਪ ਜੀ ਨੇ 'ਸ਼ਬਦ' ਨੂੰ ਹੀ ਸਦੀਵੀ ਗੁਰੂ ਥਾਪ ਦਿਤਾ ਅਤੇ ਉਸਨੂੰ ਉੱਚੀ, ਅਟੱਲ ਤੇ ਸਥਿਤ ਥਾਂ ਪ੍ਰਦਾਨ ਕਰ ਦਿੱਤੀ।

# ਸਹਾਇਤਾ ਆਤਮ ਰੰਗ ਅਗਸਤ 2024 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਸੌਦਾਗਰ ਸਿੰਘ ਜੀ ਤੇ ਭਾਈ ਸਤਨਾਮ ਸਿੰਘ ਜੀ, ਸੰਨੀ ਇੰਨਕਲੇਵ, ਸ਼ਿਮਲਾ ਸਮਾਗਮ ਤੇ | 12,000.00 |
| ◆ ਮਾਤਾ ਸਾਹਿਬ ਕੌਰ ਅਕੈਡਮੀ, ਅਨੰਦਪੁਰ ਸਾਹਿਬ, ਸ਼ਿਮਲਾ ਸਮਾਗਮ ਤੇ | 12,000.00 |
| ◆ ਬੀਬੀ ਇੰਦਰਜੀਤ ਕੌਰ ਜੀ ਤੇ ਗੌਰਵ ਸ਼ਰਮਾ, ਚੰਡੀਗੜ੍ਹ, ਸ਼ਿਮਲਾ ਸਮਾਗਮ ਤੇ | 10,000.00 |
| ◆ ਭਾਈ ਇਕਬਾਲ ਸਿੰਘ ਜੀ, ਮੇਰਠ, ਸ਼ਿਮਲਾ ਸਮਾਗਮ ਤੇ | 10,000.00 |
| ◆ ਭਾਈ ਤਰਨ ਸਿੰਘ ਜੀ, ਮੇਰਠ, ਸ਼ਿਮਲਾ ਸਮਾਗਮ ਤੇ | 2,000.00 |
| ◆ ਗੁਪਤ ਸੇਵਾ, ਸ਼ਿਮਲਾ ਸਮਾਗਮ ਤੇ | 1,000.00 |
| ◆ ਭਾਈ ਬਲਦੇਵ ਸਿੰਘ ਜੀ ਸ਼ਿਮਲਾ ਜੀ ਦੀ ਸਿਸਟਰ ਵੱਲੋਂ, ਸ਼ਿਮਲਾ ਸਮਾਗਮ ਤੇ | 5,000.00 |
| ◆ ਗੁਪਤ ਸੇਵਾ, ਸ਼ਿਮਲਾ ਸਮਾਗਮ ਤੇ | 5,000.00 |
| ◆ ਗੁਪਤ ਸੇਵਾ ਅੰਮ੍ਰਿਤਸਰ, ਸ਼ਿਮਲਾ ਸਮਾਗਮ ਤੇ | 3,100.00 |
| ◆ ਭਾਈ ਅਵਤਾਰ ਸਿੰਘ ਜੀ, ਸ਼ਿਮਲਾ, ਸ਼ਿਮਲਾ ਸਮਾਗਮ ਤੇ | 1,000.00 |
| ◆ ਗੁਪਤ ਸੇਵਾ ਚੰਡੀਗੜ੍ਹ, ਸ਼ਿਮਲਾ ਸਮਾਗਮ ਤੇ | 500.00 |
| ◆ ਪ੍ਰਿਆਦੀਪ ਸਿੰਘ ਜੀ, ਜਲੰਧਰ | 1,100.00 |
| ◆ ਅਵਤਾਰ ਸਿੰਘ, ਬਟਾਲਾ | 3,100.00 |
| ◆ ਅਖੰਡ ਕੀਰਤਨੀ ਜੱਥਾ, ਅੰਬਾਲਾ, ਅੰਬਾਲਾ ਸਮਾਗਮ ਤੇ | 3,100.00 |
| ◆ ਕੰਵਲਜੀਤ ਸਿੰਘ ਜੀ, ਜੀਰਕਪੁਰ | 21,000.00 |
| ◆ ਗੁਪਤ ਸੇਵਾ, ਸੰਨੀ ਇੰਨਕਲੇਵ | 20,000.00 |
| ◆ ਬਾਬਾ ਜੀ ਨੱਥਮਲਪੁਰ ਵਾਲੇ, ਨੱਥਮਲਪੁਰ ਸਮਾਗਮ ਤੇ | 11,000.00 |
| **ਕੁਲ ਜੋੜ** | **1,40,900.00** |

## Statement of Income & Expenditure for the Month of August, 2024 of *Atam Rang*

| | |
|---|---|
| 1. M/s Jai Offset Printers | 34,000.00 |
| 2. Cost of Service Stamps | 12,000.00 |
| 3. Cost of envelops & Printing | 12,000.00 |
| 4. Cost of Sticker & Printing | 4,000.00 |
| **Total Expenditure upto 31.08.2024** | **62,000.00** |
| Donation | 1,40,900.00 |
| Cash in hand | 17,917.00 |
| **Total Income** | **1,58,817.00** |
| **Expenditure** | **62,000.00** |
| **Income** | **1,58,817.00** |
| **Difference (Cash in hand)** | **96,817.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 16 ਸਤੰਬਰ |
| ਪੂਰਨਮਾਸ਼ੀ | 18 ਸਤੰਬਰ |
| ਮੱਸਿਆ | 2-3 ਸਤੰਬਰ |
| ਪੰਚਮੀ | 8 ਸਤੰਬਰ |
| **ਗੁਰਪੁਰਬ** | |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ | 4 ਸਤੰਬਰ |
| ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ | 5 ਸਤੰਬਰ |
| ਜੋਤੀ ਜੋਤਿ ਸ੍ਰੀ ਗੁਰੂ ਰਾਮਦਾਸ ਜੀ | 6 ਸਤੰਬਰ |
| ਗੁਰਗੱਦੀ ਸ੍ਰੀ ਗੁਰੂ ਰਾਮਦਾਸ ਜੀ | 16 ਸਤੰਬਰ |
| ਜੋਤੀ ਜੋਤਿ ਸ੍ਰੀ ਗੁਰੂ ਅਮਰਦਾਸ ਜੀ | 18 ਸਤੰਬਰ |
| ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ | 22 ਸਤੰਬਰ |
| ਜੋਤੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ | 27 ਸਤੰਬਰ |

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ।

| Account Name : ATAM RANG | Account Number : 409814300245 | IFSC Code : RATN0000202 |
|---|---|---|
| Bank Name & Address : RBL Bank Limited, Sec. 9 C, Chandigarh | | |

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਤਮ ਰੰਗ ਦਾ ਜੋ ਪੁਰਾਣਾ ਅਕਾਉਂਟ ਸਟੇਟ ਬੈਂਕ ਆਫ ਇੰਡੀਆ ਵਿੱਚ ਸੀ ਉਹ ਬੰਦ ਹੋ ਗਿਆ ਹੈ, ਅਤੇ ਉਸ ਤੇ ਕਿਸੇ ਵੀ ਤਰ੍ਹਾਂ ਦੀ ਮਾਇਆ ਨਾ ਭੇਜੀ ਜਾਵੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ (ਮੋਬਾਇਲ : 98143-00245)**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਸਲਾਨਾ ਅਖੰਡ ਕੀਰਤਨ ਰੈਣ ਸਬਾਈ ਸਮਾਗਮ

ਪਿੰਡ ਹਾਂਸ ਕਲਾਂ,ਨੇੜੇ ਚਚਰਾੜੀ, ਤਹਿ: ਜਗਰਾਉਂ (ਲੁਧਿਆਣਾ) ਵਿਖੇ

ਮਿਤੀ 14 ਸਤੰਬਰ 2024 ਦਿਨ ਸ਼ਨੀਵਾਰ ਨੂੰ ਸ਼ਾਮ 7
ਵਜੇ ਸਵੇਰੇ 5 ਵਜੇ ਤੱਕ

## ਅੰਮ੍ਰਿਤ ਸੰਚਾਰ ਸਮਾਗਮ
## ਰਾਤ ਨੂੰ 8:30 ਵਜੇ ਹੋਣਗੇ

ਆਪ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਜਾਂਦੀ ਹੈ ਜੀ ਆਪ ਆਪਣੇ
ਪਰਿਵਾਰਾਂ ਸਮੇਤ ਦਰਸ਼ਨ ਦੇ ਕੇ ਗੁਰੂ ਘਰ ਦੀਆਂ ਖੁਸ਼ੀਆ ਪ੍ਰਾਪਤ ਕਰੋ ਜੀ।

ਨੋਟ:-ਸਮਾਗਮ ਪਿੰਡ ਦੇ ਵੱਡੇ ਗੁਰਦੁਆਰਾ ਸਾਹਿਬ ਵਿੱਖੇ ਹੋਵੇਗਾ

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ

ਬੇਨਤੀ ਕਰਤਾ :- ਸਮੂਹ ਨਗਰ ਨਿਵਾਸੀ, ਗੁਰਦੁਆਰਾ ਪ੍ਰਬੰਧਕ ਕਮੇਟੀ
(ਪਿੰਡ ਹਾਂਸ ਕਲਾਂ,ਤਹਿ : ਜਗਰਾਉਂ, ਜਿਲ੍ਹਾ ਲੁਧਿਆਣਾ)

Live on. www.AKJ.org

-: ਸੰਪਰਕ :-
98556-65580,98159-35909

# ਸਾਲਾਨਾ ਅਖੰਡ ਕੀਰਤਨ ਸਮਾਗਮ

ਗੁਰੂ ਅਮਰਦਾਸ ਜੀ ਮਾਹਾਰਾਜ ਦੇ ਜੋਤੀ ਜੋਤ ਸਮਾਉਣ ਤੇ
ਅਤੇ ਗੁਰੂ ਰਾਮਦਾਸ ਜੀ ਦੀ ਗੁਰਤਾਗੱਦੀ ਤੇ ਬਿਰਾਜਣ ਦੀ
450 ਸਾਲਾ ਸਤਾਬਦੀ ਦੇ ਸੰਬੰਧ ਵਿੱਚ
ਸਾਲਾਨਾ ਜੋੜ ਮੇਲੇ ਤੇ

# ਰੈਣਿ ਸਬਾਈ ਕੀਰਤਨ ਅਤੇ ਦਿਵਸ ਸੁਹੇਲਾ

## ਪ੍ਰੋਗਰਾਮ

1. ਕੀਰਤਨ ਦਿਵਸ ਸੁਹੇਲਾ ਮਿਤੀ 27 ਸਤੰਬਰ 2024 ਦਿਨ ਸ਼ੁਕਰਵਾਰ ਨੂੰ ਸਵੇਰੇ 8 ਵਜੇ ਤੋਂ 1 ਵਜੇ ਤੱਕ ਪਿੰਡ ਵੈਰੋਵਾਲ ਵੱਡਾ ਦੇ ਗੁਰਦੁਆਰਾ ਸਾਹਿਬ ਵਿਖੇ ।
2. ਮਿਤੀ 27 ਸਤੰਬਰ ਨੂੰ ਸ਼ਾਮ 4 ਵਜੇ ਤੋਂ 9 ਵਜੇ ਤੱਕ ਕੀਰਤਨ ਪਿੰਡ ਹੋਠੀਆ ਗੁਰਦੁਆਰਾ ਕਲਗੀਧਰ ਸਾਹਿਬ, ਨਜ਼ਦੀਕ ਗੋਇੰਦਵਾਲ ਸਾਹਿਬ ।
3. ਕੀਰਤਨ ਦਿਵਸ ਸੁਹੇਲਾ ਮਿਤੀ 28 ਸੰਤਬਰ 2024 ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਗੁਰਦੁਆਰਾ ਚੁਬਾਰਾ ਸਾਹਿਬ, ਗੋਇੰਦਵਾਲ ਸਾਹਿਬ ।
4. ਰੈਣਿ ਸਬਾਈ ਕੀਰਤਨ ਮਿਤੀ 28 ਸੰਤਬਰ 2024 ਦਿਨ ਸ਼ਨੀਵਾਰ ਨੂੰ ਸ਼ਾਮ ਨੂੰ ਸੋਦਰੁ ਤੋਂ ਬਾਅਦ ਆਰੰਭ ਹੋ ਕੇ 29 ਸਤੰਬਰ 2024 ਦਿਨ ਐਤਵਾਰ ਨੂੰ ਸਵੇਰੇ 4 ਵਜੇ ਤੱਕ ਗੁਰਦੁਆਰਾ ਚੁਬਾਰਾ ਸਾਹਿਬ ।

ਆਪ ਸਭ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਆਪ ਆਪਣੇ ਪਰਿਵਾਰਾਂ, ਸੰਗੀਆਂ ਸਾਥੀਆਂ ਅਤੇ ਜੱਥਿਆਂ ਸਮੇਤ ਆਇ ਦੀਦਾਰੇ ਬਖਸ਼ੋ ਜੀ ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ ।**

ਸਹਿਯੋਗ: ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ ।

ਦਾਸਰੇ ਅਖੰਡ ਕੀਰਤਨੀ ਜੱਥਾ ਤਰਨ ਤਾਰਨ, ਗੋਇੰਦਵਾਲ ਸਾਹਿਬ ਤੇ ਕਪੂਰਥਲਾ

ਸੰਪਰਕ ਨੰ: **98760-79024, 99152-17632, 95920-91591, 97798-60435**



ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ
ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ
ਸਾਲਾਨਾ ਅਖੰਡ ਕੀਰਤਨ ਸਮਾਗਮ
12 ਤੋਂ 15 ਸਤੰਬਰ 2024 ਪਾਨੀਪਤ ਵਿਖੇ ਹੋਣਗੇ
12 ਸਤੰਬਰ 2024
ਦਿਨ ਵੀਰਵਾਰ, ਆਰੰਭਤਾ
ਸ੍ਰੀ ਅਖੰਡ ਪਾਠ ਸਾਹਿਬ
ਗੁਰੂਦੁਆਰਾ
ਸ਼੍ਰੀ ਗੁਰੂ ਅਮਰਦਾਸ ਜੀ ਸਿੰਘ ਸਭਾ,
ਸੈਕਟਰ 13-17, ਪਾਨੀਪਤ
ਸਮਾਂ:- ਸਵੇਰ 6:30 ਵਜੇ
13 ਸਤੰਬਰ 2024
ਦਿਨ ਸ਼ੁਕਰਵਾਰ
ਅਖੰਡ ਕੀਰਤਨ ਸਮਾਗਮ
ਗੁਰੂਦੁਆਰਾ ਸੰਤ ਭਾਈ ਨਰੈਣ ਸਿੰਘ ਜੀ,
ਅਮਰ ਭਵਨ ਚੌਂਕ, ਪਾਨੀਪਤ
ਸਮਾਂ:-
ਸ਼ਾਮ ਸੋਦਰ ਤੋਂ 9:30 ਵਜੇ ਤੱਕ
14 ਸਤੰਬਰ 2024
ਦਿਨ ਸ਼ਨੀਵਾਰ, ਸਮਾਪਤੀ
ਸ੍ਰੀ ਅਖੰਡ ਪਾਠ ਸਾਹਿਬ
ਗੁਰੂਦੁਆਰਾ
ਸ਼੍ਰੀ ਗੁਰੂ ਅਮਰਦਾਸ ਜੀ ਸਿੰਘ ਸਭਾ,
ਸੈਕਟਰ 13-17, ਪਾਨੀਪਤ
ਸਮਾਂ:- ਸਵੇਰ ਅਮ੍ਰਿਤਵੇਲੇ ਤੱਕ
14 ਸਤੰਬਰ 2024, ਸ਼ਨੀਵਾਰ
ਦਿਵਸ ਸੁਹੇਲਾ ਸਮਾਗਮ
ਗੁਰੂਦੁਆਰਾ ਸ਼੍ਰੀ ਗੁਰੂ ਅਮਰਦਾਸ ਜੀ ਸਿੰਘ ਸਭਾ,
ਸੈਕਟਰ 13-17, ਪਾਨੀਪਤ
ਸਮਾਂ:- ਸਵੇਰ 6:30 ਵਜੇ ਤੋਂ 1 ਵਜੇ ਤੱਕ
14 ਸਤੰਬਰ 2024, ਸ਼ਨੀਵਾਰ
ਰੈਣ ਸਬਾਈ ਸਮਾਗਮ
ਗੁਰੂਦੁਆਰਾ ਸ਼੍ਰੀ ਗੁਰੂ ਅਮਰਦਾਸ ਜੀ ਸਿੰਘ ਸਭਾ,
ਸੈਕਟਰ 13-17, ਪਾਨੀਪਤ
ਸਮਾਂ:- ਸ਼ਾਮ ਸੋਦਰ ਤੋਂ ਅਮ੍ਰਿਤਵੇਲੇ ਤੱਕ
ਜਬ ਹਮਰੇ ਦਰਸ਼ਨ ਕੋ ਆਵਉ ਬਨ ਸੁਚੇਤ ਤਨ ਸੁਚੇਤ ਤਨ ਸ਼ਸਤਰ ਸਜਾਵੋ॥
ਕੀਰਤਨ ਸਮਾਗਮਾਂ ਤੇ ਗੁਰੂ ਕੇ ਬਾਣੇ ਵਿਚ ਅਤੇ ਕਿਰਪਾਨ ਉਪਰੋਂ ਪਾ ਕੇ ਆਓ ਜੀ
ਅਮ੍ਰਿਤ ਅਭਿਲਾਖਿਆ ਦੀ ਲੋੜ ਅਨੁਸਾਰ ਅਮ੍ਰਿਤ ਸੰਚਾਰ ਸਮਾਗਮ ਵੀ ਕਰਵਾਏ ਜਾ ਸਕਦੇ ਹਨ।
ਇਸ ਸਮਾਗਮ ਵਿਚ ਦੇਸ਼- ਵਿਦੇਸ਼ ਤੋਂ ਕੀਰਤਨੀ ਸਿੰਘ ਅਤੇ ਸਿੰਘਣੀਆਂ ਹਾਜਰੀਆਂ ਭਰਣਗੇ।
ਬਾਹਰੋਂ ਆਇਆਂ ਸੰਗਤਾਂ ਲਈ ਰਿਹਾਇਸ਼ ਦਾ ਪ੍ਰਬੰਧ ਗੁਰੂਦੁਆਰਾ ਸਾਹਿਬ ਸੈਕਟਰ 13-17 ਵਿਖੇ ਹੀ ਹੋਣਗੇ।
ਸਾਰੇ ਸਮਾਗਮਾਂ ਉਪਰੰਤ ਗੁਰੂ ਦੇ ਲੰਗਰ ਅਤੁੱਟ ਵਰਤਨਗੇ ਜੀ।
LIVE ON
AKJ.ORG
LIVE
ਦਾਸਰੇ:- ਅਖੰਡ ਕੀਰਤਨੀ ਜੱਥਾ, ਪਾਨੀਪਤ
(M):- 70154-71112, 98963-50476, 88139-24133
ਸਹਿਯੋਗ:- ਸਮੂਹ ਸਾਧ ਸੰਗਤ ਅਤੇ ਗੁਰੂਦੁਆਰਾ ਪ੍ਰਬੰਧਕ ਕਮੇਟੀ ਪਾਨੀਪਤ



ਸਾਲਾਨਾ
ਅਖੰਡ ਕੀਰਤਨ ਸਮਾਗਮ
ਸਮੂਹ ਸੰਗਤਾਂ ਨੂੰ ਬੇਨਤੀ ਕਿ ਪਰਿਵਾਰਾ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ
ਮਿਤੀ 25 ਸਤੰਬਰ ਤੋਂ 29 ਸਤੰਬਰ 2024 ਤੱਕ
25 ਸਤੰਬਰ
ਗ੍ਰੰਥੀ ਹਰਭਗਵਾਨ ਸਿੰਘ ਦੇ ਗ੍ਰਹਿ ਵਿਖੇ,
ਰਾਜੂ ਹਲਵਾਈ ਦੇ ਸਾਹਮਣੇ, ਪਿੰਡ ਜੀਦਾ
ਸ਼ਾਮ 6.00 ਤੋਂ 09.00
27 ਸਤੰਬਰ
ਗੁ: ਲੱਖੀ ਜੰਗਲ ਸਾਹਿਬ
ਸ਼ਾਮ 6.00 ਤੋਂ ਅੰਮ੍ਰਿਤ ਵੇਲਾ 02.00
26 ਸਤੰਬਰ
ਗੁ: ਭਾਈ ਜਗਤਾ ਜੀ ਸਾਹਿਬ,
ਗੰਗਸਰ ਜੈਤੋ
ਸ਼ਾਮ 6.00 ਤੋਂ 10.00
28 ਸਤੰਬਰ
ਗੁ: ਸੰਤ ਭਾਈ ਸੁਹੇਲ ਸਿੰਘ,
ਗੋਨਿਆਣਾ ਮੰਡੀ
ਸਵੇਰੇ 7.00 ਤੋਂ 01.00
AKJ.ORG LIVE
AKJ Goniana
ਲੰਗਰ ਅਤੇ ਰਿਹਾਇਸ਼
ਦਾ ਪ੍ਰਬੰਧ
ਗੁ: ਸੰਤ ਭਾਈ ਸੁਹੇਲ ਸਿੰਘ
ਜੀ ਵਿਖੇ ਹੋਵੇਗਾ
ਅੰਮ੍ਰਿਤ ਵੇਲਾ ਸਮਾਗਮ: 27-09-2024
ਗੁ: ਲੱਖੀ ਜੰਗਲ ਸਾਹਿਬ
ਸ਼ਾਮ 6.00 ਤੋਂ ਅੰਮ੍ਰਿਤ ਵੇਲਾ 02.00
ਲੱਖੀ ਜੰਗਲ ਖਾਲਸਾ ਆਇ ਦੀਦਾਰ ਲਗੇ ਨੇ।।
ਦਿਵਸ ਵੇਲਾ ਸਮਾਗਮ: 28-09-2024
ਸਮਾਂ: ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ
ਗੁ: ਸੰਤ ਭਾਈ ਸੁਹੇਲ ਸਿੰਘ ਜੀ, ਗੋਨਿਆਣਾ ਮੰਡੀ
28 ਸਤੰਬਰ (ਕੀਰਤਨ ਰੈਣ ਸਬਾਈ)
ਗੁ: ਸੰਤ ਭਾਈ ਸੁਹੇਲ ਸਿੰਘ, ਗੋਨਿਆਣਾ ਮੰਡੀ
ਸ਼ਾਮ 7.00 ਤੋਂ ਅਗਲੀ ਸਵੇਰੇ 04.00 ਵਜੇ ਤੱਕ
ਦਾਸਰੇ ਅਖੰਡ ਕੀਰਤਨੀ ਜੱਥਾ, ਗੁ: ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਗੋਨਿਆਣਾ ਮੰਡੀ।
ਸੰਪਰਕ ਨੰ: 98770-95796, 94174-48593, 94637-17783

# ਪਿੰਡ ਦਿਆਲਪੁਰ ਵਿਖੇ

## ਸਾਲਾਨਾ

# ਅਖੰਡ ਕੀਰਤਨ ਸਮਾਗਮ

**ਮਿਤੀ 24 ਅਕਤੂਬਰ, 2024 ਦਿਨ ਵੀਰਵਾਰ ਤੋਂ 27 ਅਕਤੂਬਰ ਦਿਨ ਐਤਵਾਰ ਤੱਕ**



ਪਰਮ ਸਤਿਕਾਰਯੋਗ ਗੁਰੂ ਰੂਪ ਸਾਧ ਸੰਗਤ ਜੀਓ,

ਆਪ ਸਭ ਸੰਗਤਾਂ ਦੇ ਸਹਿਯੋਗ ਅਤੇ ਨਿੱਘੇ ਪਿਆਰ ਸਦਕਾ ਪਿਛਲੇ 52 ਸਾਲਾਂ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਣ ਬਾਣੀ ਦੇ ਕੀਰਤਨ ਪ੍ਰਵਾਹ ਚਲਦੇ ਰਹੇ ਅਤੇ ਅੱਠ ਵਾਰੀ ਕੀਰਤਨ ਰਾਹੀਂ ਭੋਗ ਪਾਏ ਗਏ ਹਨ ਅਤੇ ਇਕ ਵਾਰੀ ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਵੀ ਭੋਗ ਪਾਏ ਗਏ ਹਨ। ਜਿਸ ਵਿੱਚ ਦੇਸ਼ਾਂ-ਵਿਦੇਸ਼ਾਂ ਤੋਂ ਅਖੰਡ ਕੀਰਤਨੀ ਜਥੇ ਹਾਜ਼ਰੀ ਭਰਨਗੇ। ਸੋ ਆਪ ਜੀ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਇਸ ਵਾਰ ਇਹ ਸਮਾਗਮ ਬੀਬੀ ਸੁਰਿੰਦਰ ਕੌਰ ਜੀ, ਕਾਕਾ ਅਗਮਜੋਤ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਜੀ ਦਿਆਲਪੁਰ ਵਾਲਿਆਂ ਦੀ ਮਿੱਠੀ ਯਾਦ ਵਿੱਚ ਹੋ ਰਹੇ ਹਨ ਜੀ। ਆਪ ਜੀ ਆਏ ਦੀਦਾਰੇ ਬਖਸ਼ੋ ਜੀ।

## ਕੀਰਤਨ ਪ੍ਰੋਗਰਾਮ

**ਸੋਦਰੁ ਦੀ ਚੌਂਕੀ ਉਪਰੰਤ ਕੀਰਤਨ ਰੋਜ਼ਾਨਾ ਸ਼ਾਮ 6.30 ਤੋਂ 9.30 ਵਜੇ ਤੱਕ**

19 ਅਕਤੂਬਰ ਸ਼ਨੀਵਾਰ ਨੂੰ ਰੈਣਿ ਸਬਾਈ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ (ਪ੍ਰਕਾਸ਼ ਪੁਰਬ ਪਾ: ੪)
22 ਅਕਤੂਬਰ ਮੰਗਲਵਾਰ ਨੂੰ ਭਾਈ ਦਰਸ਼ਨ ਸਿੰਘ ਜੀ ਦੇ ਗ੍ਰਹਿ, ਪਿੰਡ ਟਾਹਲੀ ਸਾਹਿਬ।
24 ਅਕਤੂਬਰ ਵੀਰਵਾਰ ਨੂੰ ਗੁਰਦੁਆਰਾ ਥੰਮ੍ਹ ਜੀ ਸਾਹਿਬ, ਇਤਿਹਾਸਕ ਅਸਥਾਨ ਪਾ: ਪੰਜਵੀਂ, ਕਰਤਾਰਪੁਰ।
25 ਅਕਤੂਬਰ ਸ਼ੁਕਰਵਾਰ ਨੂੰ ਗੁਰਦੁਆਰਾ ਸਾਹਿਬ, ਦਿਆਲਪੁਰ।

LIVE ON AKJ.Org Live

26 ਅਕਤੂਬਰ 2024 ਦਿਨ ਸ਼ਨੀਵਾਰ ਸਵੇਰ ਨੂੰ ਗੁਰਦੁਆਰਾ ਸਾਹਿਬ ਪਿੰਡ ਦਿਆਲਪੁਰ ਵਿਖੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 6.00 ਵਜੇ ਸਵੇਰੇ ਉਪਰੰਤ ਕੀਰਤਨ ਆਸਾ ਦੀ ਵਾਰ ਦੁਪਿ: ਤੱਕ

**ਰੈਣਿ ਸਬਾਈ ਕੀਰਤਨ ਮਿਤੀ 26 ਅਕਤੂਬਰ 2024 ਦਿਨ ਸ਼ਨੀਵਾਰ ਨੂੰ**

**ਸ਼ਾਮ ਨੂੰ ਸੋਦਰੁ ਰਹਿਰਾਸ ਦੇ ਪਾਠ ਉਪਰੰਤ ਕੀਰਤਨ ਆਰੰਭ ਹੋਣਗੇ**
**ਜਿਸ ਦੀ ਸਮਾਪਤੀ 27 ਅਕਤੂਬਰ 2024 ਦਿਨ ਐਤਵਾਰ ਨੂੰ ਸਵੇਰੇ 5.00 ਵਜੇ ਹੋਵੇਗੀ।**

Noor Printers 99882-99775



ਅੰਮ੍ਰਿਤ ਸੰਚਾਰ : ਮਿਤੀ 26 ਅਕਤੂਬਰ ਦਿਨ ਸ਼ਨੀਵਾਰ ਨੂੰ ਸ਼ਾਮ 7.00 ਵਜੇ ਹੋਵੇਗਾ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਫੋਨ : +1 647 404 3134, +61 413 503 226
98143-12950, 98150-81102, 98143-00245

ਵਲੋਂ : ਅਖੰਡ ਕੀਰਤਨੀ ਜੱਥਾ ਸਮੂਹ ਸੰਗਤ ਦਿਆਲਪੁਰ ਕਰਤਾਰਪੁਰ, ਜਲੰਧਰ / ਦਾਸਰੇ : ਮਾਸਟਰ ਗੁਰਬਚਨ ਸਿੰਘ ਦਿਆਲਪੁਰ, ਭਾਈ ਕੁਲਵੰਤ ਸਿੰਘ 'ਕਾਕੀ ਪਿੰਡ'

## ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ ॥



















ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 24.07.2024 ਤੋਂ ਲੈ ਕੇ 28.07.2024 ਤਕ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕਾਰਟ ਰੋਡ, ਸ਼ਿਮਲਾ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

## ਮਿਲਿ ਰਹੀਐ ਪ੍ਰਭ ਸਾਧ ਜਨਾ ਮਿਲਿ ਹਰਿ ਕੀਰਤਨੁ ਸੁਣੀਐ ਰਾਮ ॥



















ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 24.07.2024 ਤੋਂ ਲੈ ਕੇ 28.07.2024 ਤਕ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕਾਰਟ ਰੋਡ, ਸ਼ਿਮਲਾ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

Registered with the Registrar
of News Papers of India
Regd. No. R-70727/99

**ATAM RANG**
September - 2024

Postal Regd. No.
CHDG/0025/2024-26

**ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥**

















Printed By: Jai Offset Printers Chd. 0172-4616905

ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 24.07.2024 ਤੋਂ ਲੈ ਕੇ 28.07.2024 ਤਕ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕਾਰਟ ਰੋੜ, ਸ਼ਿਮਲਾ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।